ਪੰਜਾਬੀਆਂ ਦੀ ਸੋਚ ਦਾ ਹਾਣੀ

RNI NO: PUNMUL/2022/85966

ਸਾਲ : ਤੀਸਰਾ, ਅੰਕ : ਨੌਵਾਂ, ਮੁੱਲ : 5 ਰੁਪਏ

# ਪੰਜਾਬੀ ਪਹਿਚਾਣ

ਪੰਜਾਬ, ਸਿਆਟਲ, ਕੈਲੇਫੋਰਨੀਆ ਅਤੇ ਸਰੀ ਤੋਂ ਛਪਣ ਵਾਲਾ ਪੰਜਾਬੀ ਅਖ਼ਬਾਰ

www.punjabipehchan.com

● ਮੁੱਖ ਸੰਪਾਦਕ : ਜਗਜੀਤ ਸਿੰਘ ਧੰਜੂ ● ਸੰਪਾਦਕ : ਚਰਨਜੀਤ ਸਿੰਘ ਸੰਘਾ ● ਪ੍ਰਬੰਧਕੀ ਸੰਪਾਦਕ : ਗੁਰਪ੍ਰੀਤ ਸਿੰਘ ਧੰਜੂ

ਅਕਤੂਬਰ 2024 | ਸਫ਼ੇ : 12 | India No : 01814640400, 8872440000 | USA No. : +1 (425) 343 9741 E-mail : punjabipehchaninfo@gmail.com | PUNJABI PEHCHAN

ਅਮਰੀਕਾ ਤੇ ਕੈਨੇਡਾ 'ਚ ਤੇਜ਼ੀ ਨਾਲ ਵੱਧ ਰਹੇ ਅਖ਼ਬਾਰ 'ਪੰਜਾਬੀ ਪਹਿਚਾਣ' ਅਤੇ ਚੈਨਲ Live Punjabi Tv ਨੂੰ ਨੀਚੇ ਦਿੱਤੇ ਸ਼ਹਿਰਾਂ ਤੋਂ ਕਵਰੇਜ ਤੇ ਇਸ਼ਤਿਹਾਰ ਲਈ ਸਾਥੀਆਂ ਦੀ ਜ਼ਰੂਰਤ ਹੈ।

- Kent,WA
- Bellingham, WA
- Spokane,WA
- Vancover,WA
- Portland,OR
- San Jose, CA (Bay Area)
- Tracy, CA
- Sacramento, CA
- Fresno, CA
- Bakersfield,CA
- Los Angeles, CA
- Surrey , BC Canada
- Vancouver,BC Canada

Our Package Start From 50$

✧✧✧ ਪੰਜਾਬੀ ਪਹਿਚਾਣ ਦੇ ਵੱਧਦੇ ਕਦਮ ✧✧✧

ਹੁਣ ਤੁਹਾਡਾ ਆਪਣਾ ਪੰਜਾਬੀ ਪਹਿਚਾਣ ਜਲਦ ਹੀ ਤੁਹਾਨੂੰ ਮਿਲਿਆ ਕਰੇਗਾ

ਮਹੀਨੇ ਵਿਚ ਦੋ ਵਾਰ ਅਸੀਂ ਦਸਤਕ ਦੇਵਾਂਗੇ ਹੁਣ Fortnightly

Digital Issue ਮਿਲੇਗਾ ਹਰ ਐਤਵਾਰ www.livepunjabitv.com

ਹੋਰ ਨੇੜੇ ਹੋਰ ਬੇਹਤਰ ਪੰਜਾਬੀ ਪਹਿਚਾਣ | ਵਧੇਰੇ ਜਾਣਕਾਰੀ ਤੇ ਇਸ਼ਤਿਹਾਰ ਸਬੰਧੀ ਸੰਪਰਕ ਕਰੋ : ਗੁਰਪ੍ਰੀਤ ਸਿੰਘ ਧੰਜੂ, ਪ੍ਰਬੰਧਕੀ ਸੰਪਾਦਕ, ਸੰਪਰਕ ਨੰਬਰ +1 (425) 343-9741

## ਪੰਜਾਬ 'ਚ ਪੰਚਾਇਤ ਚੋਣਾਂ 15 ਅਕਤੂਬਰ ਨੂੰ

### ਸੂਬੇ ਵਿਚ ਚੋਣ ਜ਼ਾਬਤਾ ਲਾਗੂ, ਬੈਲੇਟ ਪੇਪਰ ਨਾਲ ਹੋਣਗੀਆਂ ਚੋਣਾਂ

ਪੰਜਾਬੀ ਪਹਿਚਾਣ ਬਿਊਰੋ : ਪੰਜਾਬ ਵਿੱਚ ਪੰਚਾਇਤ ਚੋਣਾਂ 15 ਅਕਤੂਬਰ ਨੂੰ ਹੋਣਗੀਆਂ ਅਤੇ ਸਮੁੱਚੇ ਪੰਜਾਬ ਵਿਚ ਅੱਜ ਤੋਂ ਹੀ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ। ਵੋਟਾਂ ਦੀ ਗਿਣਤੀ ਪੰਚਾਇਤ ਚੋਣਾਂ ਵਾਲੇ ਦਿਨ ਹੀ ਸ਼ਾਮ ਨੂੰ ਹੋਵੇਗੀ। ਪੰਚਾਇਤ ਚੋਣਾਂ ਲਈ ਵੋਟਰ ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ ਵੋਟਾਂ ਪਾ ਸਕਣਗੇ। ਪੰਚਾਇਤ ਚੋਣਾਂ ਦੇ ਐਲਾਨ ਨਾਲ ਹੀ ਸੂਬੇ ਵਿਚ ਸਿਆਸੀ ਹਰਕਤ ਸ਼ੁਰੂ ਹੋ ਗਈ ਹੈ। ਪਹਿਲੀ ਵਾਰ ਝੋਨੇ ਦੇ ਖ਼ਰੀਦ ਸੀਜ਼ਨ ਦੌਰਾਨ ਪੰਚਾਇਤ ਚੋਣਾਂ ਹੋ ਰਹੀਆਂ ਹਨ। ਚੋਣ ਜ਼ਾਬਤਾ ਅਮਲ 'ਚ ਆਉਣ ਨਾਲ ਪੇਂਡੂ ਵਿਕਾਸ ਦੇ ਨਵੇਂ ਕੰਮ ਠੱਪ ਹੋ ਗਏ ਹਨ। ਪੰਜਾਬ ਰਾਜ ਦੇ ਚੋਣ ਕਮਿਸ਼ਨਰ ਰਾਜ ਕਮਲ ਚੌਧਰੀ ਨੇ ਅੱਜ ਇੱਥੇ ਪ੍ਰੈੱਸ ਕਾਨਫ਼ਰੰਸ ਕਰਕੇ ਪੰਚਾਇਤ ਚੋਣਾਂ ਲਈ ਚੋਣ ਪ੍ਰੋਗਰਾਮ ਦਾ ਐਲਾਨ ਕੀਤਾ। ਪੰਚਾਇਤ ਚੋਣਾਂ ਲਈ ਨਾਮਜ਼ਦਗੀ ਪੱਤਰ ਦਾਖਲ ਕੀਤੇ ਜਾਣ ਦਾ ਅਮਲ 27 ਸਤੰਬਰ (11 ਵਜੇ ਤੋਂ ਤਿੰਨ ਵਜੇ ਤੱਕ) ਨੂੰ ਸ਼ੁਰੂ ਹੋਵੇਗਾ ਅਤੇ ਚਾਹਵਾਨ ਉਮੀਦਵਾਰ 4 ਅਕਤੂਬਰ ਤੱਕ ਕਾਗ਼ਜ਼ ਦਾਖਲ ਕਰ ਸਕਣਗੇ। ਉਨ੍ਹਾਂ ਦੱਸਿਆ ਕਿ 28 ਸਤੰਬਰ ਨੂੰ ਛੁੱਟੀ ਹੋਣ ਕਰਕੇ ਨਾਮਜ਼ਦਗੀ ਪੱਤਰ ਨਹੀਂ ਲਏ ਜਾਣਗੇ। ਪੰਜ ਅਕਤੂਬਰ ਨੂੰ ਨਾਮਜ਼ਦਗੀ ਪੱਤਰਾਂ ਦੀ



ਬਾਕੀ ਸਫ਼ਾ 2 'ਤੇ

## ਅਮਰੀਕਾ 'ਚ ਲੁਟੇਰਾ ਗਿਰੋਹ ਸਰਗਰਮ, ਭਾਰਤ ਦੇ ਲੋਕਾਂ ਨੂੰ ਬਣਾਇਆ ਜਾ ਰਿਹਾ ਹੈ ਸ਼ਿਕਾਰ

### ਲੁੱਟ-ਖੋਹ ਦੀਆਂ ਹੋ ਚੁੱਕੀਆਂ ਨੇ ਦਰਜਨ ਵਾਰਦਾਤਾਂ

ਗੁਰਪ੍ਰੀਤ ਸਿੰਘ ਧੰਜੂ, ਸਿਆਟਲ ਵਾਸ਼ਿੰਗਟਨ : ਸਿਆਟਲ ਦੇ ਆਸਪਾਸ ਭਾਰਤੀ ਲੋਕਾਂ ਦੇ ਸੰਘਣੀ ਅਬਾਦੀ ਵਾਲੇ ਇਲਾਕੇ ਵਿਚ ਚੋਰੀ ਦੀਆਂ ਵਾਰਦਾਤਾਂ ਵਿਚ ਪਿਛਲੇ ਦਿਨਾਂ ਵਿਚ ਬਹੁਤ ਵਾਧਾ ਹੋਇਆ ਹੈ। ਪੁਲਿਸ ਵਿਭਾਗ ਵੱਲੋਂ ਲੋਕਾਂ ਨੂੰ ਚਿਤਾਵਨੀ ਜਾਰੀ ਕੀਤੀ ਗਈ ਹੈ ਕਿ ਉਹ ਇਹਤਿਆਤ ਵਰਤਣ ਕਿ ਨਾਮਾਲੂਮ ਲੋਕਾਂ ਦੇ ਨਾਲ ਨਾ ਵਿਚਰਨ ਤੇ ਉਨ੍ਹਾਂ ਤੋਂ ਸੁਚੇਤ ਰਹਿਣ। ਪੁਲਿਸ ਬੇਲੇਵਿਊ ਅਤੇ ਰੈੱਡਮੰਡ ਵਿਚ ਇਕ ਦਰਜਨ ਤੋਂ ਵੱਧ ਗਹਿਣਿਆਂ ਦੀ ਚੋਰੀ ਦੀ ਜਾਂਚ ਕਰ ਰਹੀ ਹੈ। ਇਸ ਤੋਂ ਇਲਾਵਾ ਮਿੱਲ ਕ੍ਰੀਕ ਤੇ ਬੋਥਲ ਵਿਚ ਅਜਿਹੀਆਂ ਵਾਰਦਾਤਾਂ ਦੀਆਂ ਖ਼ਬਰਾਂ ਵੀ ਮਿਲੀਆਂ ਹਨ। ਇਸੇ ਇਲਾਕੇ ਤੋਂ ਸਟੇਟ ਸੈਨੇਟਰ ਦੀਆਂ ਚੋਣਾਂ ਲੜ ਰਹੇ ਜਸਕਰਨ ਸਿੰਘ ਨੇ ਕਿਹਾ ਕਿ ਇਹ ਬਹੁਤ ਗਲਤ ਹੋ ਰਿਹਾ ਹੈ ਅਤੇ ਅਜਿਹਾ ਨਹੀਂ ਹੋਣਾ ਚਾਹੀਦਾ। ਚੋਰਾਂ ਵੱਲੋਂ



ਇਲਾਕੇ ਵਿਚ ਕਈ ਲੋਕਾਂ ਨੂੰ ਆਪਣਾ ਨਿਸ਼ਾਨਾ ਬਣਾਇਆ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਲੋਕ ਡਰੇ ਹੋਏ ਹਨ ਤੇ ਦਹਿਸ਼ਤ ਦਾ ਮਾਹੌਲ ਹੈ। ਉਨ੍ਹਾਂ ਕਿਹਾ ਕਿ ਮੈਂ ਚਾਹੁੰਦਾ ਹਾਂ ਕਿ ਲੋਕ ਬੇਖੌਫ ਹੋ ਕੇ ਸੜਕਾਂ ਤੇ ਬਾਜ਼ਾਰਾਂ ਵਿਚ ਘੁੰਮਣ ਤੇ ਆਜ਼ਾਦੀ ਮਾਨਣ। ਉਨ੍ਹਾਂ ਨੇ ਅੱਗੇ ਕਿਹਾ ਕਿ ਉਹ ਚਿੰਤਤ ਹਨ। ਉਹ ਇਕ-ਦੂਜੇ ਨਾਲ ਗੱਲ ਕਰ ਰਹੇ ਹਨ। ਉਹ ਖੁੱਲ੍ਹ ਕੇ ਚੱਲ ਵੀ ਨਹੀਂ ਸਕਦੇ, ਮੇਰੀ ਪਤਨੀ ਅਤੇ ਮੇਰੀ ਮੰਮੀ ਨੇ ਕਿਹਾ ਕਿ ਅਸੀਂ ਹਮੇਸ਼ਾ ਦੇਖ ਰਹੇ ਹਾਂ ਕਿ ਕੀ ਕੋਈ ਕਾਰ ਰੁਕ ਰਹੀ ਹੈ ਜੋ ਭੋਲੇ ਭਾਲੇ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਉਣ ਦੀ ਫਿਰਾਕ ਵਿਚ ਹੁੰਦੇ ਹਨ। ਲੋਕਾਂ ਨੂੰ ਇਸ ਲੁਟੇਰੀ ਗੈਂਗ ਕੋਲੋਂ ਸਾਵਧਾਨ ਰਹਿਣਾ ਚਾਹੀਦਾ ਹੈ। ਲੋਕ ਆਖਦੇ ਹਨ ਕਿ ਜੇਕਰ ਉਨ੍ਹਾਂ ਦੇ ਬੱਚੇ ਬਾਹਰ ਸੜਕ 'ਤੇ ਖੇਡ ਰਹੇ ਹਨ ਤਾਂ ਵੀ ਉਨ੍ਹਾਂ ਪ੍ਰਤੀ ਉਹ ਚਿੰਤਤ ਹਨ। ਰੈੱਡਮੰਡ ਪੁਲਿਸ ਵਿਭਾਗ (ਆਰਪੀਡੀ) ਅਨੁਸਾਰ ਸ਼ਹਿਰ ਵਿਚ 14 ਚੋਰੀਆਂ ਹੋਈਆਂ ਹਨ। ਚੋਰ ਆਪਣੇ ਪੀੜਤਾਂ ਤੋਂ ਗਹਿਣੇ ਚੋਰੀ ਕਰਨ ਲਈ ਵੱਖ-ਵੱਖ ਤਰੀਕੇ ਵਰਤਦੇ ਹਨ, ਕਈ ਵਾਰ ਤਾਕਤ ਦੀ ਵਰਤੋਂ ਕਰਦੇ ਹਨ। ਆਰਪੀਡੀ ਦਾ ਮੰਨਣਾ ਹੈ ਕਿ ਉਹ ਇਕ ਵੱਡੇ ਸੰਗਠਿਤ ਅਪਰਾਧ ਸਮੂਹ ਦਾ ਹਿੱਸਾ ਹਨ, ਖਾਸ ਤੌਰ 'ਤੇ ਬਜ਼ੁਰਗ ਏਸ਼ਿਆਈ ਭਾਰਤੀ ਭਾਈਚਾਰੇ ਦੇ ਮੈਂਬਰਾਂ ਨੂੰ ਨਿਸ਼ਾਨਾ ਬਣਾਉਂਦੇ ਹਨ।

Cafe India Restaurant

Live Catering Dining & Take Out Party Hall Available













AMARJIT AUJLA



MANDEEP SEKHON







@CAFEINDIALYNNWOODWA

'ਪੰਜਾਬੀ ਪਹਿਚਾਣ' ਦੇ ਇਸ ਇਸ਼ਤਿਹਾਰ ਨਾਲ ਮਿਲੇਗਾ 10% ਦਾ ਕੂਪਨ। ਆਫਰ 1 ਸਤੰਬਰ ਤੋਂ 15 ਸਤੰਬਰ ਤੱਕ

● ਫੂਡ ਟਰੱਕ ਦੁਆਰਾ ਤੁਹਾਡੇ ਘਰਾਂ ਤੱਕ ਉਪਲਬਧ ਹੋਵੇਗਾ ਗਰਮ ਖਾਣਾ
● 50 ਤੋਂ 1000 ਬੰਦੇ ਤੱਕ ਕੈਟਰਿਕ ਕਰ ਸਕਦੇ ਹਾਂ ● ਵੈਟਰਿੰਕ ਸਰਵਿਸ ਦਾ ਵੀ ਹੈ ਪ੍ਰਬੰਧ ● ਪਾਰਟੀ ਹਾਲ (100 ਬੰਦੇ ਤੱਕ) No Extra Charge. DJ ਉਪਲੱਬਧ ● ਹਰ ਖੁਸ਼ੀ ਲਈ ਰੈਸਟੋਰੈਂਟ ਪਾਰਟੀ ● i5 ਦੇ Exit 181 ਤੋਂ 2 ਮਿੰਟ Drive , bus station te Metro station on Walk in distance
● ਪੰਜਾਬੀ ਸਟਾਈਲ ਸਪੈਸਲ ਫਿਸ਼ ਪਕੋੜਾ ● ਹਰ ਤਰ੍ਹਾਂ ਦਾ ਪੰਜਾਬੀ ਸਟਾਈਲ ਫੂਡ, ਬਾਰ ਤੇ ਕੈਟਰਿਕ ਦਾ ਖਾਸ ਪ੍ਰਬੰਧ ● ਫੂਡ ਟਰੱਕ (ਸਰਵਿਸ)
● ਘਰ, ਪਾਰਟੀ ਹਾਲ, ਗੁਰੂ ਘਰ, ਪਾਰਕ ਕਿਤੇ ਵੀ

19817 44th Ave W, Lynnwood WA 98036, 425-744-0799

Cafeindia Lynnwoodwa
cafeindialynnwoodwa

# ਮਿਲਾਨ ਕੌਂਸਲੇਟ ਜਨਰਲ ਵਜੋਂ ਸ੍ਰੀ ਲਵੱਨਿਆ ਕੁਮਾਰ ਨੇ ਅਹੁਦਾ ਸੰਭਾਲਿਆ

## ਭਾਰਤੀਆਂ ਨੂੰ ਆ ਰਹੀਆਂ ਸਮੱਸਿਆਵਾਂ ਦਾ ਕਰਾਂਗੇ ਹੱਲ : ਲਵੱਨਿਆ ਕੁਮਾਰ




ਮਿਲਾਨ (ਸਾਬੀ ਚੀਨੀਆ ) : ਇਟਲੀ ਦੇ ਮਿਲਾਨ ਵਿਚ ਸਥਿਤ ਭਾਰਤੀ ਕੌਂਸਲੇਟ ਜਨਰਲ ਵਜੋਂ ਲਵੱਨਿਆ ਕੁਮਾਰ ਨੂੰ ਭਾਰਤ ਸਰਕਾਰ ਦੁਆਰਾ ਨਿਯੁਕਤ ਕੀਤਾ ਗਿਆ ਹੈ। ਬੀਤੇ ਦਿਨ ਉਨ੍ਹਾਂ ਨੇ ਆਪਣਾ ਅਹੁਦਾ ਸੰਭਾਲ ਲਿਆ ਹੈ। ਸ਼੍ਰੀ ਕੁਮਾਰ ਸੰਨ 2009 ਵਿਚ ਭਾਰਤੀ ਵਿਦੇਸ਼ ਸੇਵਾ ਵਿਚ ਸ਼ਾਮਲ ਹੋਏ ਸੀ। ਸ੍ਰੀ ਕੁਮਾਰ ਨੇ ਵਿਦੇਸ਼ ਮੰਤਰਾਲੇ ਵਿਚ ਵੱਖ-ਵੱਖ ਅਹੁਦਿਆਂ 'ਤੇ ਕੌਂਸਲਰ, ਪਾਸਪੋਰਟ ਅਤੇ ਵੀਜ਼ਾ ਡਿਵੀਜ਼ਨ ਵਿਚ ਸਹਾਇਕ ਸਕੱਤਰ ਅਤੇ ਭੂਟਾਨ ਲਈ ਉੱਤਰੀ ਡਿਵੀਜ਼ਨ ਵਿਚ ਅੰਡਰ ਸੈਕਟਰੀ ਦੇ ਤੌਰ ਕੰਮ ਕੀਤਾ।

ਉਨ੍ਹਾਂ ਭੂਟਾਨ ਦੇ ਵਿਚ ਦੁਵੱਲੇ ਵਿਕਾਸ ਪ੍ਰਾਜੈਕਟਾਂ ਲਈ ਭਾਰਤੀ ਕਰਜ਼ੇ ਅਤੇ ਗ੍ਰਾਂਟ ਸਹਾਇਤਾ ਨੂੰ ਸੰਭਾਲਿਆ। ਉਨ੍ਹਾਂ ਜਨੇਵਾ ਵਿਚ ਸੰਯੁਕਤ ਰਾਸ਼ਟਰ ਦੇ ਦਫ਼ਤਰਾਂ ਵਿਚ ਭਾਰਤ ਦੇ ਸਥਾਈ ਮਿਸ਼ਨ (ਪੀਐੱਮਆਈ) ਸਮੇਤ ਵਿਦੇਸ਼ਾਂ ਵਿਚ ਵੱਖ-ਵੱਖ ਭਾਰਤੀ ਦੂਤਾਵਾਸਾਂ ਵਿਚ ਵੀ ਸੇਵਾ ਕੀਤੀ। ਸ਼੍ਰੀ ਕੁਮਾਰ ਨੇ ਵਿਸ਼ਵ ਸਿਹਤ ਸੰਗਠਨ (ਡਬਲਿਊਐੱਚਓ), ਯੂਐੱਨਏਆਈਡੀਐੱਸ ਅਤੇ ਅੰਤਰਰਾਸ਼ਟਰੀ ਲੇਬਰ ਆਰਗੇਨਾਈਜ਼ੇਸ਼ਨ (ਆਈਐੱਲਓ) ਨਾਲ ਸਬੰਧਤ ਕੰਮ ਨੂੰ ਸੰਭਾਲਿਆ। ਉਨ੍ਹਾਂ ਪੈਰਿਸ ਵਿਚ ਭਾਰਤ ਦੇ ਦੂਤਾਵਾਸ ਪਹਿਲੇ ਸਕੱਤਰ ਦੇ ਰੂਪ ਵਿਚ 2016 ਵਿਚ ਭਾਰਤ ਦੇ ਸੱਭਿਆਚਾਰਕ ਤਿਉਹਾਰ, 'ਨਮਸਤੇ ਫਰਾਂਸ' ਦੇ ਸੰਗਠਨ ਦੀ ਨਿਗਰਾਨੀ ਕੀਤੀ ਅਤੇ 2018 ਤੋਂ 2021 ਤੱਕ ਭਾਰਤ ਦੇ ਹਾਈ ਕਮਿਸ਼ਨ ਢਾਕਾ ਵਿਚ ਸਿਆਸੀ ਵਿੰਗ ਵਿਚ ਪਹਿਲੇ ਸਕੱਤਰ ਵਜੋਂ ਕੰਮ ਕੀਤਾ।

09 ਸਤੰਬਰ 2024 ਨੂੰ ਮਿਲਾਨ ਦੇ ਭਾਰਤ ਦੇ ਕੌਂਸਲ ਜਨਰਲ ਦਾ ਚਾਰਜ ਸੰਭਾਲਣ ਤੋਂ ਪਹਿਲਾਂ, ਸ੍ਰੀ ਕੁਮਾਰ ਨੇ ਭਾਰਤ ਸਰਕਾਰ ਦੇ ਹਾਊਸਿੰਗ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰਾਲੇ ਦੇ ਅੰਤਰਰਾਸ਼ਟਰੀ ਸਹਿਕਾਰਤਾ ਅਤੇ ਕੇਂਦਰੀ ਵਿਸਟਾ ਡਿਵੀਜ਼ਨਾਂ ਵਿਚ ਡਾਇਰੈਕਟਰ ਵਜੋਂ ਕੰਮ ਕੀਤਾ। ਉਹ ਅੰਗਰੇਜ਼ੀ ਵਿਚ ਬੋਲਣ ਦੀ ਮੁਹਾਰਤ ਰੱਖਣ ਦੇ ਨਾਲ ਫ਼ਰੈਂਚ ਵਿਚ ਕੰਮ ਕਰਨ ਦੀ ਮੁਹਾਰਤ ਰੱਖਦੇ ਹਨ। ਅਹੁਦਾ ਸੰਭਾਲਣ ਲੱਗਿਆ ਉਨ੍ਹਾਂ ਕਿਹਾ ਕਿ ਉਹ ਇਟਲੀ ਵਿਚ ਭਾਰਤੀਆਂ ਨੂੰ ਆ ਰਹੀਆਂ ਸਮੱਸਿਆ ਦੇ ਹੱਲ ਲਈ ਤੱਤਪਰ ਰਹਿਣਗੇ। ਜਿਸਦੇ ਲਈ ਜਲਦੀ ਹੀ ਉਹ ਭਾਰਤੀ ਭਾਈਚਾਰੇ ਦੇ ਲੋਕਾਂ ਨਾਲ ਮੁਲਾਕਾਤ ਵੀ ਕਰਨਗੇ।

# ਭਾਰਤ 'ਚ ਪਿਛਲੇ 15 ਮਹੀਨਿਆਂ 'ਚ ਪਹਿਲੀ ਵਾਰ ਬਿਜਲੀ ਦੀ ਮੰਗ ਘਟੀ


ਪੰਜਾਬੀ ਪਹਿਚਾਣ ਬਿਊਰੋ : ਭਾਰਤ ਵਿਚ ਬਿਜਲੀ ਦੀ ਵੱਧ ਤੋਂ ਵੱਧ ਮੰਗ ਅਗਸਤ ਮਹੀਨੇ ਵਿਚ ਘਟ ਕੇ 217 ਗੀਗਾਵਾਟ ਰਹਿਣ ਦਾ ਅਨੁਮਾਨ ਹੈ, ਜੋ ਇਕ ਸਾਲ ਪਹਿਲਾਂ 238 ਗੀਗਾਵਾਟ ਸੀ। ਇਹ ਜਾਣਕਾਰੀ 11 ਸਤੰਬਰ ਨੂੰ ਜਾਰੀ ਇਕ ਰਿਪੋਰਟ ਵਿਚ ਦਿੱਤੀ ਗਈ। ਰਿਸਰਚ ਏਜੰਸੀ CRISILਦੀ ਰਿਪੋਰਟ ਮੁਤਾਬਕ ਦੇਸ਼ ਵਿਚ ਬਿਜਲੀ ਦੀ ਮੰਗ ਅਗਸਤ ਵਿਚ ਸਾਲਾਨਾ ਆਧਾਰ 'ਤੇ 5.3 ਫੀਸਦੀ ਘਟ ਕੇ 144 ਬਿਲੀਅਨ ਯੂਨਿਟ (ਬੀਯੂ) ਰਹਿ ਗਈ ਹੈ। ਬਿਜਲੀ ਦੀ ਮੰਗ ਵਿਚ ਕਮੀ ਅਜਿਹੇ ਸਮੇਂ ਵਿਚ ਦੇਖਣ ਨੂੰ ਮਿਲ ਰਹੀ ਹੈ ਜਦੋਂ ਅਗਸਤ ਵਿਚ ਔਸਤ ਨਾਲੋਂ 7 ਫੀਸਦੀ ਜ਼ਿਆਦਾ ਬਾਰਿਸ਼ ਹੋਈ ਹੈ। ਪਿਛਲੇ ਮਹੀਨੇ ਜੁਲਾਈ ਵਿਚ ਸਾਲਾਨਾ ਆਧਾਰ 'ਤੇ ਬਿਜਲੀ ਦੀ ਮੰਗ ਵਿਚ 6.7 ਫੀਸਦੀ ਦਾ ਵਾਧਾ ਹੋਇਆ ਸੀ।



ਅਪ੍ਰੈਲ ਤੋਂ ਅਗਸਤ ਦੇ ਸਮੇਂ ਦੌਰਾਨ ਸਾਲਾਨਾ ਆਧਾਰ 'ਤੇ ਬਿਜਲੀ ਦੀ ਮੰਗ 7 ਫੀਸਦੀ ਵਧੀ ਹੈ। ਅਗਸਤ 2024 ਵਿਚ ਬਿਜਲੀ ਦਾ ਅਨੁਮਾਨਿਤ ਉਤਪਾਦਨ 155 ਬੀਯੂ ਰਿਹਾ ਹੈ। ਸਾਲਾਨਾ ਆਧਾਰ 'ਤੇ 3 ਫੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਹੈ। ਇਸ ਤੋਂ ਇਲਾਵਾ ਕੋਲਾ ਅਤੇ ਨਵਿਆਉਣਯੋਗ ਊਰਜਾ ਵਿਚ ਕ੍ਰਮਵਾਰ 3 ਅਤੇ 13 ਫੀਸਦੀ ਦੀ ਗਿਰਾਵਟ ਆਈ ਹੈ। ਹਾਲਾਂਕਿ ਚੰਗੀ ਬਾਰਿਸ਼ ਕਾਰਨ ਹਾਈਡਰੋਪਾਵਰ ਉਤਪਾਦਨ ਵਿਚ 7.6 ਫੀਸਦੀ ਦਾ ਉਛਾਲ ਦਰਜ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਲਗਾਤਾਰ ਦੋ ਮਹੀਨਿਆਂ ਤੱਕ ਘੱਟ ਬਾਰਿਸ਼ ਦੇ ਕਾਰਨ ਹਾਈਡਰੋਪਾਵਰ ਉਤਪਾਦਨ ਵਿਚ ਗਿਰਾਵਟ ਆਈ ਸੀ, ਰਿਪੋਰਟ ਵਿਚ ਅੱਗੇ ਕਿਹਾ ਗਿਆ ਹੈ ਕਿ ਭਾਰਤ ਭਰ ਵਿਚ ਬਿਜਲੀ ਦੀ ਮੰਗ ਵਿਚ ਨਰਮੀ ਦੇਖੀ ਗਈ ਹੈ। ਉੱਤਰੀ ਅਤੇ ਪੱਛਮੀ ਭਾਰਤ ਵਿਚ ਬਿਜਲੀ ਦੀ ਮੰਗ ਸਾਲਾਨਾ ਆਧਾਰ 'ਤੇ ਕ੍ਰਮਵਾਰ 10 ਫੀਸਦੀ ਅਤੇ 6 ਫੀਸਦੀ ਘਟੀ ਹੈ।

# ਅਮਰੀਕਾ ਨੇ ਸੋਨੋਬੁਆਇਜ਼ ਦੀ ਵਿਕਰੀ ਨੂੰ ਦਿੱਤੀ ਮਨਜ਼ੂਰੀ

## ਭਾਰਤ ਦੀ ਹੋਰ ਵਧੇਗੀ ਸਮੁੰਦਰੀ ਸ਼ਕਤੀ



ਪੰਜਾਬੀ ਪਹਿਚਾਣ ਬਿਊਰੋ : ਅਮਰੀਕਾ ਨੇ ਭਾਰਤ ਨੂੰ ਪਣਡੁੱਬੀ ਵਿਰੋਧੀ ਜੰਗੀ ਸੋਨੋਬੁਆਇਜ਼ ਅਤੇ ਸਬੰਧਤ ਸਾਜ਼ੋ-ਸਾਮਾਨ ਦੀ ਸੰਭਾਵਿਤ ਵਿਦੇਸ਼ੀ ਸੈਨਿਕ ਵਿਕਰੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਸਮਝੌਤੇ ਦੀ ਅਨੁਮਾਨਿਤ ਲਾਗਤ ਯੂਐੱਸ 52.8 ਮਿਲੀਅਨ ਡਾਲਰ ਹੈ। ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਦੁਆਰਾ ਮਨਜ਼ੂਰੀ ਮਿਲਣ ਤੋਂ ਬਾਅਦ ਇਹ ਵਿਕਰੀ ਭਾਰਤ ਦੀ ਸਮੁੰਦਰੀ ਸ਼ਕਤੀ ਨੂੰ ਹੋਰ ਵਧਾਏਗੀ ਅਤੇ ਉਸਦੀ ਪਣਡੁੱਬੀ ਵਿਰੋਧੀ ਸਮਰੱਥਾ ਨੂੰ ਮਜ਼ਬੂਤ ਕਰੇਗੀ।

**ਸੋਨੋਬੁਆਇਜ਼ ਕੀ ਹਨ?-** ਸੋਨੋਬੁਆਇਜ਼ ਏਅਰ-ਲਾਂਚ ਕੀਤੇ ਜਾਣ ਵਾਲੇ ਇਲੈਕਟ੍ਰੋ-ਮਕੈਨੀਕਲ ਸੈਂਸਰ ਹੁੰਦੇ ਹਨ ਜੋ ਪਾਣੀ ਦੇ ਅੰਦਰ ਦੀਆਂ ਆਵਾਜ਼ਾਂ ਨੂੰ ਰਿਕਾਰਡ ਕਰਦੇ ਹਨ ਅਤੇ ਰਿਮੋਟ ਪ੍ਰੋਸੈਸਰ ਤੱਕ ਭੇਜਦੇ ਹਨ। ਇਹ ਐਂਟੀ-ਸਬਮਰੀਨ ਵਾਰਫੇਅਰ (ਏਐੱਸਡਬਲਯੂ) ਲਈ ਬਹੁਤ ਪ੍ਰਭਾਵਸ਼ਾਲੀ ਅਤੇ ਲਾਗਤ-ਪ੍ਰਭਾਵਸ਼ਾਲੀ ਯੰਤਰ ਹਨ।

ਅਮਰੀਕੀ ਰੱਖਿਆ ਸੁਰੱਖਿਆ ਸਹਿਯੋਗ ਏਜੰਸੀ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਕਿ ਕਾਂਗਰਸ ਨੂੰ ਇਸ ਸੰਭਾਵੀ ਵਿਕਰੀ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ। ਇਸ ਵਿਕਰੀ ਵਿਚ ਸ਼ਾਮਲ ਹਨ:

- ਐੱਨ/ਐੱਸਐੱਸਕਿਊ-53ਜੀ ਉੱਚ ਉਚਾਈ ਐਂਟੀ-ਸਬਮਰੀਨ ਵਾਰਫੇਅਰ (ਐੱਚਏਏਐੱਸਡਬਲਯੂ ) ਸੋਨੋਬੁਆਇਜ਼
- ਐੱਨ/ਐੱਸਐੱਸਕਿਊ-62ਐੱਫ ਐੱਚਏਏਐੱਸਡਬਲਯੂ ਸੋਨੋਬੁਆਇਜ਼
- ਐੱਨ/ਐੱਸਐੱਸਕਿਊ-36 ਸੋਨੋਬੁਆਇਜ਼

ਇਹਨਾਂ ਵਿਚ ਅਮਰੀਕੀ ਸਰਕਾਰ ਅਤੇ ਠੇਕੇਦਾਰਾਂ ਦੁਆਰਾ ਤਕਨੀਕੀ ਅਤੇ ਪ੍ਰਕਾਸ਼ਨ ਡੇਟਾ ਦਸਤਾਵੇਜ਼, ਇੰਜੀਨੀਅਰਿੰਗ ਅਤੇ ਤਕਨੀਕੀ ਸਹਾਇਤਾ, ਲੌਜਿਸਟਿਕਸ ਅਤੇ ਪ੍ਰੋਗਰਾਮ ਸੇਵਾਵਾਂ ਵੀ ਸ਼ਾਮਲ ਹਨ।

**ਭਵਿੱਖ ਦੀ ਸੁਰੱਖਿਆ 'ਚ ਸੁਧਾਰ-** ਇਸ ਵਿਕਰੀ ਦੇ ਜ਼ਰੀਏ ਭਾਰਤ ਦੀ MH-60R ਹੈਲੀਕਾਪਟਰਾਂ ਨਾਲ ਪਣਡੁੱਬੀ ਵਿਰੋਧੀ ਯੁੱਧ ਸਮਰੱਥਾ ਨੂੰ ਹੁਲਾਰਾ ਮਿਲੇਗਾ। ਇਹ ਭਾਰਤ ਨੂੰ ਵਰਤਮਾਨ ਅਤੇ ਭਵਿੱਖ ਦੇ ਸਮੁੰਦਰੀ ਖਤਰਿਆਂ ਦਾ ਮੁਕਾਬਲਾ ਕਰਨ ਦੇ ਯੋਗ ਬਣਾਵੇਗਾ। ਭਾਰਤ ਦੇ ਹਥਿਆਰਬੰਦ ਬਲਾਂ ਨੂੰ ਇਸ ਉਪਕਰਨ ਨੂੰ ਸ਼ਾਮਲ ਕਰਨ ਵਿਚ ਕੋਈ ਦਿੱਕਤ ਨਹੀਂ ਹੋਵੇਗੀ।

# ਪੰਜਾਬ 'ਚ ਪੰਚਾਇਤ ਚੋਣਾਂ 15 ਅਕਤੂਬਰ ਨੂੰ

ਸਫ਼ਾ 1 ਦੀ ਬਾਕੀ

ਪੜਤਾਲ ਹੋਵੇਗੀ ਅਤੇ 7 ਅਕਤੂਬਰ (ਬਾਅਦ ਦੁਪਹਿਰ ਤਿੰਨ ਵਜੇ ਤੱਕ) ਤੱਕ ਉਮੀਦਵਾਰ ਆਪਣੇ ਕਾਗਜ਼ ਵਾਪਸ ਲੈ ਸਕਣਗੇ। ਐਤਕੀਂ ਪੰਚਾਇਤ ਚੋਣਾਂ ਦਸਹਿਰੇ (12 ਅਕਤੂਬਰ) ਤੋਂ ਬਾਅਦ ਅਤੇ ਦੀਵਾਲੀ (31 ਅਕਤੂਬਰ) ਤੋਂ ਪਹਿਲਾਂ ਹੋ ਰਹੀਆਂ ਹਨ, ਜਿਸ ਕਰਕੇ ਨਵੇਂ ਚੁਣੇ ਜਾਣ ਵਾਲੇ ਸਰਪੰਚਾਂ ਦੀ ਇਹ ਪਹਿਲੀ ਦੀਵਾਲੀ ਹੋਵੇਗੀ। ਪੰਚਾਇਤ ਚੋਣਾਂ ਤੋਂ ਪਹਿਲਾਂ ਜ਼ਿਲ੍ਹਿਆਂ ਵਿਚ ਸਰਪੰਚਾਂ ਦੇ ਰਾਖਵੇਂਕਰਨ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਸੀ। ਰਾਖਵੇਂਕਰਨ ਦੀ ਪ੍ਰਕਿਰਿਆ ਮੁਕੰਮਲ ਹੋਣ ਮਗਰੋਂ ਹੀ ਪੰਚਾਇਤ ਚੋਣਾਂ ਦਾ ਐਲਾਨ ਹੋਇਆ ਹੈ। ਪੰਜਾਬ ਸਰਕਾਰ ਨੇ ਪਿਛਲੇ ਸਾਲ 10 ਅਗਸਤ ਨੂੰ ਨੋਟੀਫ਼ਿਕੇਸ਼ਨ ਜਾਰੀ ਕਰਕੇ ਪੰਚਾਇਤੀ ਸੰਸਥਾਵਾਂ ਭੰਗ ਕਰ ਦਿੱਤੀਆਂ ਸਨ ਅਤੇ ਮਾਮਲਾ ਹਾਈਕੋਰਟ ਵਿਚ ਜਾਣ ਕਰਕੇ ਸਰਕਾਰ ਨੇ ਫ਼ੈਸਲਾ ਵਾਪਸ ਲੈ ਲਿਆ ਸੀ। ਮਗਰੋਂ ਮਿਆਦ ਪੁਗਾ ਚੁੱਕੀਆਂ ਪੰਚਾਇਤਾਂ ਨੂੰ ਭੰਗ ਕਰਕੇ ਪ੍ਰਬੰਧਕ ਲਗਾ ਦਿੱਤੇ ਸਨ। ਸੂਬਾਈ ਚੋਣ ਕਮਿਸ਼ਨਰ ਚੌਧਰੀ ਨੇ ਦੱਸਿਆ ਕਿ ਪੰਚਾਇਤ ਚੋਣਾਂ ਬੈਲੇਟ (ਮਤਪੱਤਰ) ਨਾਲ ਹੋਣਗੀਆਂ ਅਤੇ ਸਰਪੰਚੀ ਲਈ ਬੈਲੇਟ ਪੇਪਰ ਗੁਲਾਬੀ ਰੰਗ ਅਤੇ ਪੰਚਾਂ ਲਈ ਬੈਲੇਟ ਪੇਪਰ ਸਫ਼ੈਦ ਰੰਗ ਦਾ ਹੋਵੇਗਾ। ਬੈਲੇਟ ਪੇਪਰ ਵਿਚ 'ਨੋਟਾ' (ਉਪਰੋਕਤ 'ਚੋਂ ਕੋਈ ਵੀ ਨਹੀਂ) ਦਾ ਬਦਲ ਵੀ ਹੋਵੇਗਾ। ਉਨ੍ਹਾਂ ਦੱਸਿਆ ਕਿ ਸੂਬੇ ਦੀਆਂ 13,237 ਗਰਾਮ ਪੰਚਾਇਤਾਂ ਦੇ ਸਰਪੰਚਾਂ ਅਤੇ ਪੰਚਾਂ ਲਈ ਵੋਟਾਂ ਪੈਣਗੀਆਂ ਅਤੇ ਵੋਟਾਂ ਲਈ 19110 ਪੋਲਿੰਗ ਬੂਥ ਬਣਾਏ ਜਾਣਗੇ। ਉਨ੍ਹਾਂ ਦੱਸਿਆ ਕਿ 23 ਸੀਨੀਅਰ ਆਈਏਐੱਸ ਅਤੇ ਪੀਸੀਐੱਸ ਅਧਿਕਾਰੀਆਂ ਨੂੰ ਜਨਰਲ ਆਬਜ਼ਰਵਰ ਵਜੋਂ ਤਾਇਨਾਤ ਕੀਤਾ ਜਾਵੇਗਾ। ਇਨ੍ਹਾਂ ਚੋਣਾਂ 'ਚ 13,237 ਸਰਪੰਚ ਅਤੇ 83,437 ਪੰਚ ਚੁਣੇ ਜਾਣੇ ਹਨ। ਸੂਬੇ ਵਿਚ ਵੋਟਰ ਸੂਚੀਆਂ ਦੀ ਸੁਧਾਈ ਦਾ ਕੰਮ ਮੁਕੰਮਲ ਹੋ ਗਿਆ ਹੈ ਅਤੇ ਇਨ੍ਹਾਂ ਚੋਣਾਂ ਵਿਚ 1,33,97,922 ਵੋਟਰ ਆਪਣੇ ਵੋਟ ਦਾ ਹੱਕ ਇਸਤੇਮਾਲ ਕਰਨਗੇ। ਇਨ੍ਹਾਂ ਵਿਚ 70,51,722 ਪੁਰਸ਼ ਵੋਟਰ ਅਤੇ 63,46,008 ਮਹਿਲਾ ਵੋਟਰਾਂ ਤੋਂ ਇਲਾਵਾ 192 ਅਦਰਜ਼ ਵੀ ਸ਼ਾਮਲ ਹਨ। ਚੋਣ ਪ੍ਰਕਿਰਿਆ ਮੁਕੰਮਲ ਕਰਾਉਣ ਲਈ 96 ਹਜ਼ਾਰ ਚੋਣ ਅਮਲਾ ਤਾਇਨਾਤ ਕੀਤਾ ਜਾਵੇਗਾ। ਪੰਚਾਇਤ ਚੋਣ ਲੜਨ ਲਈ ਉਮਰ ਹੱਦ 25 ਸਾਲ ਰੱਖੀ ਗਈ ਹੈ। ਪੰਚਾਇਤ ਚੋਣਾਂ ਲਈ ਜ਼ਮਾਨਤ ਰਾਸ਼ੀ 100 ਰੁਪਏ ਰੱਖੀ ਗਈ ਹੈ ਜਦੋਂ ਕਿ ਐੱਸਸੀ ਉਮੀਦਵਾਰਾਂ ਲਈ ਇਹ ਰਾਸ਼ੀ 50 ਰੁਪਏ ਹੋਵੇਗੀ। ਪੰਚਾਇਤਾਂ ਚੋਣਾਂ ਲੜਨ ਵਾਲੇ ਸਰਪੰਚੀ ਦੇ ਉਮੀਦਵਾਰਾਂ ਲਈ ਚੋਣ ਖ਼ਰਚ ਹੱਦ 40 ਹਜ਼ਾਰ ਰੁਪਏ ਤੈਅ ਕੀਤੀ ਗਈ ਹੈ ਅਤੇ ਪੰਚੀ ਦੇ ਉਮੀਦਵਾਰਾਂ ਲਈ ਖ਼ਰਚ ਹੱਦ 30 ਹਜ਼ਾਰ ਰੁਪਏ ਰੱਖੀ ਗਈ ਹੈ। ਸਾਲ 2013 ਦੀਆਂ ਪੰਚਾਇਤੀ ਚੋਣਾਂ ਸਮੇਂ ਸਰਪੰਚ ਲਈ ਖ਼ਰਚ ਹੱਦ 23,500 ਰੁਪਏ ਅਤੇ ਪੰਚੀ ਲਈ 16 ਹਜ਼ਾਰ ਰੁਪਏ ਸੀ। ਉਸ ਮਗਰੋਂ 2018 ਦੀਆਂ ਚੋਣਾਂ ਵਿਚ ਸਰਪੰਚੀ ਦੀ ਚੋਣ ਲਈ ਖ਼ਰਚ ਸੀਮਾ 30 ਹਜ਼ਾਰ ਅਤੇ ਪੰਚੀ ਲਈ 20 ਹਜ਼ਾਰ ਰੁਪਏ ਸੀ। ਰਾਜ ਚੋਣ ਕਮਿਸ਼ਨਰ ਨੇ ਦੱਸਿਆ ਕਿ ਚੋਣਾਂ ਵਿਚ ਚੋਣ ਅਬਜ਼ਰਵਰ ਲਾਏ ਜਾਣਗੇ ਤਾਂ ਜੋ ਆਦਰਸ਼ ਚੋਣ ਜ਼ਾਬਤੇ ਦੀ ਪੂਰਨ ਪਾਲਣਾ ਕਰਾਈ ਜਾ ਸਕੇ। ਚੋਣ ਕਮਿਸ਼ਨ ਨੇ ਚੋਣ ਨਿਸ਼ਾਨਾਂ ਦੀ ਸੂਚੀ ਵੀ ਜਾਰੀ ਕਰ ਦਿੱਤੀ ਹੈ ਜਿਸ ਤਹਿਤ ਕੁੱਲ 173 ਚੋਣ ਨਿਸ਼ਾਨ ਰੱਖੇ ਗਏ ਹਨ। ਸਰਪੰਚਾਂ ਲਈ 38 ਚੋਣ ਨਿਸ਼ਾਨ ਅਤੇ ਪੰਚਾਂ ਲਈ 70 ਚੋਣ ਨਿਸ਼ਾਨ ਰੱਖੇ ਗਏ ਹਨ। ਉਨ੍ਹਾਂ ਦੱਸਿਆ ਕਿ ਸੂਬੇ ਵਿਚ ਨਿਰਪੱਖ ਤੇ ਸੁਤੰਤਰ ਚੋਣਾਂ ਕਰਾਉਣ ਲਈ ਸਭ ਪ੍ਰਬੰਧ ਮੁਕੰਮਲ ਕਰ ਲਏ ਹਨ। ਪੰਚਾਇਤ ਚੋਣਾਂ ਲਈ ਸਰਪੰਚਾਂ ਦੇ ਅਹੁਦੇ ਦਾ ਰਾਖਵੇਂਕਰਨ ਐਤਕੀਂ ਬਲਾਕ ਨੂੰ ਇਕਾਈ ਮੰਨ ਕੇ ਨਵਾਂ ਰੋਸਟਰ ਤਿਆਰ ਕਰਕੇ ਕੀਤਾ ਗਿਆ ਹੈ।

# ਜੰਮੂ ਕਸ਼ਮੀਰ 'ਚ ਦੂਜੇ ਗੇੜ 'ਚ 56 ਫ਼ੀਸਦ ਵੋਟਿੰਗ

ਪੰਜਾਬੀ ਪਹਿਚਾਣ ਬਿਊਰੋ : ਜੰਮੂ ਕਸ਼ਮੀਰ ਵਿਚ ਵਿਧਾਨ ਸਭਾ ਚੋਣਾਂ ਦੇ ਦੂਜੇ ਗੇੜ ਦਾ ਅਮਲ ਅੱਜ ਅਮਨ-ਅਮਾਨ ਨਾਲ ਸਿਰੇ ਚੜ੍ਹ ਗਿਆ। ਦੂਜੇ ਗੇੜ ਵਿਚ ਛੇ ਜ਼ਿਲ੍ਹਿਆਂ 'ਚ ਪੈਂਦੀਆਂ 26 ਅਸੈਂਬਲੀ ਸੀਟਾਂ ਲਈ ਸ਼ਾਮ ਸੱਤ ਵਜੇ ਤੱਕ 56 ਫੀਸਦ ਤੋਂ ਵੱਧ ਪੋਲਿੰਗ ਦਰਜ ਕੀਤੀ ਗਈ ਹੈ। ਸਖ਼ਤ ਸੁਰੱਖਿਆ ਪ੍ਰਬੰਧਾਂ ਤਹਿਤ ਵੋਟਿੰਗ ਦਾ ਅਮਲ ਸਵੇਰੇ 7 ਵਜੇ ਸ਼ੁਰੂ ਹੋ ਕੇ ਸ਼ਾਮ 6 ਵਜੇ ਤੱਕ ਚੱਲਿਆ। ਦੂਜੇ ਗੇੜ ਦੀ ਪੋਲਿੰਗ ਦੌਰਾਨ ਨਵੀਂ ਦਿੱਲੀ ਅਧਾਰਿਤ ਮਿਸ਼ਨਾਂ ਤੋਂ 16 ਵਿਦੇਸ਼ੀ ਡੈਲੀਗੇਟਸ ਵੀ ਅੱਜ ਵਾਦੀ 'ਚ ਮੌਜੂਦ ਸਨ। ਇਨ੍ਹਾਂ ਵਿਦੇਸ਼ੀ ਕੂਟਨੀਤਕਾਂ ਨੂੰ ਵਿਦੇਸ਼ ਮੰਤਰਾਲੇ ਨੇ ਵਿਸ਼ੇਸ਼ ਤੌਰ 'ਤੇ ਸੱਦਾ ਦਿੱਤਾ ਸੀ। ਇਨ੍ਹਾਂ ਵਿਦੇਸ਼ੀ ਡੈਲੀਗੇਟਾਂ ਨੇ ਬੜਗਾਮ ਤੇ ਸ੍ਰੀਨਗਰ ਦੇ ਪੋਲਿੰਗ ਸਟੇਸ਼ਨਾਂ ਦਾ ਦੌਰਾ ਵੀ ਕੀਤਾ। ਡਿਪਟੀ ਕਮਿਸ਼ਨਰਾਂ ਨੇ ਵਫ਼ਦ ਨੂੰ ਵੋਟਿੰਗ ਦੇ ਅਮਲ ਬਾਰੇ ਸੰਖੇਪ ਜਾਣਕਾਰੀ ਵੀ ਦਿੱਤੀ। 2014 ਵਿੱਚ ਛੇ ਜ਼ਿਲ੍ਹਿਆਂ 'ਚ ਆਉਂਦੇ ਇਨ੍ਹਾਂ ਹਲਕਿਆਂ ਲਈ 60 ਫੀਸਦ ਤੋਂ ਵੱਧ ਵੋਟਿੰਗ ਹੋਈਸੀ। ਜੰਮੂ ਡਿਵੀਜ਼ਨ ਵਿਚ ਸੁਰਨਕੋਟ ਸੀਟ ਲਈ ਸਭ ਤੋਂ ਵੱਧ 75.11 ਫੀਸਦ ਵੋਟਾਂ ਪਈਆਂ, ਜਦੋਂ ਕਿ ਪੁਣਛ ਹਵੇਲੀ 74.92 ਫੀਸਦ ਨਾਲ ਦੂਜੇ ਨੰਬਰ 'ਤੇ ਰਿਹਾ। ਕਸ਼ਮੀਰ ਵਾਦੀ ਦੀ ਗੱਲ ਕਰੀਏ ਤਾਂ 15 ਅਸੈਂਬਲੀ ਹਲਕਿਆਂ ਵਿਚੋਂ ਕੰਗਨ ਵਿਚ 71.89 ਫੀਸਦ ਨਾਲ ਸਭ ਤੋਂ ਵੱਧ ਪੋਲਿੰਗ ਹੋਈ। ਇਸੇ ਤਰ੍ਹਾਂ ਖਾਨਸਾਹਿਬ ਤੇ ਚਰਾਰ-ਏ-ਸ਼ਰੀਫ ਵਿਚ ਕ੍ਰਮਵਾਰ 71.66 ਤੇ 67.44 ਫੀਸਦ ਵੋਟਾਂ ਪਈਆਂ। ਹੱਬਾਕਾਦਲ ਹਲਕੇ ਵਿਚ 18.39 ਫੀਸਦ ਸਭ ਤੋਂ ਘੱਟ ਪੋਲਿੰਗ ਰਿਕਾਰਡ ਕੀਤੀ ਗਈ ਹੈ।

## ਮਿੰਨੀ ਕਹਾਣੀ

# ਕਰਵਾ ਚੌਥ

ਭੈਣ ਜੀ ਕੱਲ੍ਹ ਨੂੰ ਕਰਵਾ ਚੌਥ ਦਾ ਵਰਤ ਹੈ, ਤੁਸੀਂ ਰੱਖਣਾ ? ਸਰਿਤਾ ਨੇ ਸਾਡੇ ਘਰ ਅੰਦਰ ਵੜਦਿਆਂ ਹੀ ਮੇਰੀ ਘਰ ਵਾਲੀ ਨੂੰ ਸਵਾਲ ਕੀਤਾ। ਭੈਣੇ ਜੀ ਤਾਂ ਮੇਰਾ ਵੀ ਕਰਦਾ, ਪਰ ਸਾਡੇ ਘਰ ਵਿਚ ਕਦੇ ਕਿਸੇ ਨੇ ਕਰਵਾ ਚੌਥ ਦਾ ਵਰਤ ਨਹੀਂ ਰੱਖਿਆ ਅਤੇ ਨਾ ਹੀ ਮੈਨੂੰ ਇਹਦੇ ਵਾਰੇ ਬਹੁਤਾ ਪਤਾ ਹੈ ਮੇਰੀ ਘਰ ਵਾਲੀ ਨੇ ਸਰਿਤਾ ਨੂੰ ਸੋਫੇ 'ਤੇ ਬੈਠਣ ਦਾ ਇਸ਼ਾਰਾ ਕਰਦਿਆਂ ਆਪਣੇ ਦਿਲ ਦੀ ਗੱਲ ਦੱਸੀ। ਸਾਡੇ ਇਹ ਗੁਆਂਢੀ ਭਾਵੇਂ ਨਵੇਂ ਹੀ ਆਏ ਹਨ ਪਰ ਸਾਡੇ ਨਾਲ ਜਲਦੀ ਹੀ ਭੈਣਾਂ-ਭਰਾਵਾਂ ਵਾਂਗ ਘੁਲ-ਮਿਲ ਗਏ ਹਨ। ÷ਲੈ ਇਹ ਕਿਹੜੀ ਗੱਲ ਹੈ, ਅਸੀਂ ਆਥਣ ਵੇਲੇ ਸਟੋਰ ਜਾਣਾ ਵਰਤ ਵਾਸਤੇ ਸਮੱਗਰੀ ਲੈਣ ਤੂੰ ਵੀ ਚੱਲ ਸਾਡੇ ਨਾਲ÷ ਸਰਿਤਾ ਨੇ ਮੇਰੀ ਘਰ ਵਾਲੀ ਨੂੰ ਨਾਲ ਜਾਣ ਲਈ ਮਨਾ ਲਿਆ। ਆਥਣੇ ਸਾਡੇ ਘਰ ਸਾਰੀ ਸਮੱਗਰੀ ਆ ਗਈ।



ਲਓ ਜੀ ਫਿਰ ਕੀ ਸੀ, ਕਰਵਾ ਚੌਥ ਵਾਲੇ ਦਿਨ ਸਵੇਰੇ ਸੂਰਜ ਨਿਕਲਣ ਤੋਂ ਪਹਿਲਾਂ ਅੱਧਾ ਕੁ ਕਿੱਲੋ ਸੇਬ ਅਤੇ ਹੋਰ ਨਿੱਕ ਸੁੱਕ ਖਾ ਕੇ ਵਰਤ ਸ਼ੁਰੂ ਹੋ ਗਿਆ। ਦੁਪਹਿਰ ਤੱਕ ਮੇਰੀ ਘਰ ਵਾਲੀ ਡੈਂਟਿੰਗ ਪੇਂਟਿੰਗ ਕਰਵਾ ਕੇ ਨਵੀਂ ਵਿਆਹੀ ਵਾਹੁਟੀ ਵਾਂਗ ਸਜ ਗਈ। ਲਾਲ ਸੂਹਾ ਸੂਟ, ਕੂਲੇ ਹੱਥਾਂ ਉੱਤੇ ਸੂਹੀ ਮਹਿੰਦੀ, ਲਾਲ ਚੂੜੀਆਂ, ਪੈਰੀਂ ਚਾਂਦੀ ਦੀਆਂ ਝਾਂਜਰਾਂ ਜਿੱਧਰ ਜਾਵੇ ਛਣ-ਛਣ ਕਰਦੀ ਜਾਵੇ। ਲਾਲ ਸੇਬ ਵਰਗਾ ਚੇਹਰਾ ਪਤਾ ਨਹੀਂ ਜ਼ਿਆਦਾ ਸੇਬ ਖਾਣ ਕਰ ਕੇ ਲਾਲ ਹੋਇਆ ਜਾਂ ਰੰਗ ਰੋਗਨ ਕਰ ਕੇ ਕੀਤਾ ਹੋਇਆ ?

ਮੈਨੂੰ ਪਤਾ ਹੈ ਕਿ ਵਰਤ ਰੱਖਣ ਨਾਲ ਕਿਸੇ ਦੀ ਉਮਰ ਨਹੀਂ ਵਧਦੀ ਅਤੇ ਨਾ ਹੀ ਕੋਈ ਦੇਵੀ-ਦੇਵਤਾ ਖ਼ੁਸ਼ ਹੁੰਦਾ ਹੈ। ਹਾਂ ਦੋ ਦੇਵਤੇ ਜ਼ਰੂਰ ਖ਼ੁਸ਼ ਹੋ ਗਏ। ਵਾਹੁਟੀ ਵਾਂਗ ਸਜ ਕੇ ਪਤਨੀ ਦੇਵੀ ਅਤੇ ਉਸ ਨੂੰ ਇਸ ਰੂਪ ਵਿਚ ਵੇਖ ਕੇ ਪਤੀ ਦੇਵਤਾ।

ਮੇਰੀ ਇਹ ਨਵੀਂ ਵਿਆਹੀ ਵਾਹੁਟੀ ਵਾਲੀ ਫੀਲਿੰਗ ਪੂਰੇ ਜੋਬਨ 'ਤੇ ਸੀ ਕਿ ਅਚਾਨਕ ਖੱਦਰ ਵਰਗੀ ਜੀਨ ਦੇ ਕੱਪੜੇ ਪਾਈ ਹੱਥ ਵਿਚ ਪੁਰਾਣਾ ਜਿਹਾ ਟਿਫਨ ਫੜੀ ਫੈਕਟਰੀ ਵਿਚ ਕੰਮ 'ਤੇ ਜਾਣ ਲਈ ਤਿਆਰ ਮੇਰੀ ਘਰ ਵਾਲੀ ਨੇ ਅੱਟਣਾ ਵਾਲੇ ਸਖ਼ਤ ਹੱਥਾਂ ਨਾਲ ਮੈਨੂੰ ਬੜੀ ਹੀ ਬੇਰਹਿਮੀ ਨਾਲ ਝੰਜੋੜ ਕੇ ਜਗਾ ਦਿੱਤਾ ਅਤੇ ਜਲਦੀ ਤਿਆਰ ਹੋ ਕੇ ਕੰਮ 'ਤੇ ਜਾਣ ਦੀ ਤਾਕੀਦ ਕਰਦੀ ਹੋਈ ਔਹ ਗਈ ਔਹ ਗਈ।

**ਬਲਿਹਾਰ ਸਿੰਘ ਲੇਹਲ**
**ਸੰਪਰਕ :** 206-244-4663

## ਸਿੱਖ ਇਤਿਹਾਸ ਦੀ ਮਹਾਨ ਸ਼ਖ਼ਸੀਅਤ

# ਧੰਨ ਧੰਨ ਬਾਬਾ ਬੁੱਢਾ ਜੀ ਦਾ ਜਨਮ ਦਿਹਾੜਾ

## 4, 5, 6 ਅਕਤੂਬਰ ਨੂੰ ਗੁਰਦੁਆਰਾ ਸਿੰਘ ਸਭਾ ਰੈਨਟਨ

### 5200 Talbot Rd S, Renton, WA 98055 ਵਿਖੇ ਸ਼ਰਧਾ ਨਾਲ ਮਨਾਇਆ ਜਾਵੇਗਾ



ਸਿਆਟਲ ਦੇ ਗੁਰਦੁਆਰਾ ਸਿੰਘ ਸਭਾ ਰੈਨਟਨ ਵਿਖੇ ਸਿੱਖ ਇਤਿਹਾਸ ਦੀ ਮਹਾਨ ਤੇ ਵਿਲੱਖਣ ਸ਼ਖ਼ਸੀਅਤ, ਪੁੱਤਰਾਂ ਦੇ ਦਾਨੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਗ੍ਰੰਥੀ ਧੰਨ ਧੰਨ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਜਨਮ ਦਿਹਾੜਾ ਬਹੁਤ ਹੀ ਉਤਸ਼ਾਹ ਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਸਮਾਗਮ ਸਬੰਧੀ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀਆਂ ਹਨ। ਇਸ ਮੌਕੇ ਗੁਰੂ ਘਰ ਰੈਨਟਨ ਤੇ ਬਾਬਾ ਬੁੱਢਾ ਜੀ ਸੰਸਥਾ ਵੱਲੋਂ ਇਲਾਕਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਗਿਆ ਕਿ ਉਹ ਵੱਧ ਤੋਂ ਵੱਧ ਗਿਣਤੀ ਵਿਚ ਪਰਿਵਾਰਾਂ ਸਮੇਤ ਸਮੇਂ ਸਿਰ ਪਹੁੰਚ ਕੇ ਧਾਰਮਿਕ ਸਮਾਗਮ ਦਾ ਲਾਹਾ ਪ੍ਰਾਪਤ ਕਰਨ ਤੇ ਆਪਣਾ ਜੀਵਨ ਸਫਲ ਕਰਨ।

**ਹੁੰਮਹੁਮਾ ਕੇ ਪਹੁੰਚੋ**

ਇਸ ਧਾਰਮਿਕ ਸਮਾਗਮ ਮੌਕੇ 4 ਅਕਤੂਬਰ, ਸ਼ੁੱਕਰਵਾਰ ਸਵੇਰੇ 10.00 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਆਰੰਭ ਹੋਣਗੇ ਤੇ 6 ਅਕਤੂਬਰ, ਐਤਵਾਰ ਸਵੇਰੇ 10.00 ਵਜੇ ਉਪਰੰਤ ਮੇਨ ਹਾਲ ਵਿਖੇ ਧਾਰਮਿਕ ਦੀਵਾਨ ਸਜਾਏ ਜਾਣਗੇ, ਜਿਸ ਵਿਚ ਗੁਰੂ ਘਰ ਦੇ ਕੀਰਤਨੀ ਜਥੇ ਭਾਈ ਵਰਿਆਮ ਸਿੰਘ ਜੀ ਤੇ ਭਾਈ ਜਰਨੈਲ ਸਿੰਘ ਰਸਭਿੰਨੇ ਕੀਰਤਨ ਨਾਲ ਸੰਗਤ ਨੂੰ ਨਿਹਾਲ ਕਰਨਗੇ। ਕਥਾਵਾਚਕ ਭਾਈ ਹਰਪਾਲ ਸਿੰਘ (ਫਤਹਿਗੜ੍ਹ ਸਾਹਿਬ) ਸੰਗਤਾਂ ਨੂੰ ਬਾਬਾ ਬੁੱਢਾ ਜੀ ਦੀ ਜੀਵਨੀ ਬਾਰੇ ਚਾਨਣਾ ਪਾਉਣਗੇ।



ਭਾਈ ਹਰਪਾਲ ਸਿੰਘ



ਹੋਰ ਜਾਣਕਾਰੀ ਲਈ ਸੰਪਰਕ ਕਰੋ

**ਡਾਕਟਰ ਸੁਰਿੰਦਰਪਾਲ ਸਿੰਘ ਤੁੰਗ**

ਪ੍ਰਧਾਨ ਬਾਬਾ ਬੁੱਢਾ ਜੀ ਸੰਸਥਾ

ਫੋਨ : 206-604-0982

**ਸਵਾਗਤ ਕਰਤਾ**

**ਗੁਰਦੁਆਰਾ ਪ੍ਰਬੰਧਕ ਕਮੇਟੀ ਸਿੰਘ ਸਭਾ ਰੈਨਟਨ**

**ਫੋਨ ਨੰਬਰ : 425-226-2277**

# ਯੂਰਪੀਅਨ ਕਬੱਡੀ ਚੈਂਪੀਅਨਸ਼ਿਪ 'ਚ ਹਾਲੈਂਡ ਨੇ ਸਪੇਨ ਨੂੰ ਹਰਾ ਕੇ ਜਿੱਤਿਆ ਖ਼ਿਤਾਬ



ਮਿਲਾਨ ਇਟਲੀ, ਸਾਬੀ ਚੀਨੀਆ : ਇਟਲੀ ਦੇ ਕਸਬਾ ਸਨਜੁਆਨੀ ਵਲਦਾਰਨੋ ਵਿਖੇ ਵਿਖੇ ਗੁਰਦੁਆਰਾ ਸੰਗਤ ਸਭਾ ਤੈਰਾਨੌਵਾ ਤੇ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਵੱਲੋਂ ਯੂਰਪੀਅਨ ਸਪੋਰਟਸ ਕਬੱਡੀ ਫੈਡਰੇਸ਼ਨ ਦੇ ਬੈਨਰ ਹੇਠ ਯੂਰਪ ਕਬੱਡੀ ਕੱਪ ਕਰਵਾਇਆ ਗਿਆ, ਜਿਸ ਵਿਚ ਹੋਏ ਫਸਵੇਂ ਮੁਕਾਬਲਿਆਂ ਵਿਚ ਸਪੇਨ ਨੂੰ ਅੱਧੇ ਅੰਕ ਨਾਲ ਹਰਾ ਕੇ ਹਾਲੈਂਡ ਦੀ ਟੀਮ ਨੇ ਜੇਤੂ ਕੱਪ ਆਪਣੇ ਨਾਮ ਕਰ ਲਿਆ।

ਦੱਸਣਯੋਗ ਹੈ ਕਿ ਪਿਛਲੇ ਦੋ ਮਹੀਨਿਆਂ ਤੋਂ ਲਗਾਤਾਰ ਚੱਲ ਰਹੇ ਕਬੱਡੀ ਮੁਕਾਬਲਿਆਂ ਵਿਚ ਖੇਡਣ ਲਈ ਕੋਈ 50 ਦੇ ਕਰੀਬ ਖਿਡਾਰੀ ਭਾਰਤ ਤੋਂ ਆਏ ਹੋਏ ਸਨ ਅਤੇ ਯੂਰਪ ਦੀਆਂ ਵੱਖ-ਵੱਖ ਖੇਡ ਕਲੱਬਾਂ ਵੱਲੋਂ ਕਰਵਾਏ ਮੁਕਾਬਲਿਆਂ ਵਿਚ ਇਸ ਸੀਜ਼ਨ ਦੇ ਆਖਰੀ ਮੁਕਾਬਲੇ ਇਟਲੀ ਦੇ ਸ਼ਹਿਰ ਸਨਜੁਆਨੀ ਵਲਦਾਰਨੋ ਆਰੇਸੋ ਵਿਖੇ ਕਰਵਾਏ ਗਏ ਜਿਨ੍ਹਾਂ ਵਿਚ 6 ਟੀਮਾਂ ਨੇ ਹਿੱਸਾ ਲਿਆ। ਪਹਿਲੇ ਸੈਮੀਫਾਈਨਲ ਵਿਚ ਸਿੰਘ ਸਭਾ ਕਲੱਬ ਫਰਾਂਸ ਇਟਲੀ ਰੋਮ ਦੀ ਸਾਂਝੀ ਟੀਮ ਦਾ ਮੁਕਾਬਲਾ ਦਸ਼ਮੇਸ ਸਪੋਰਟਸ ਕਲੱਬ ਹਾਲੈਂਡ ਦੇ ਨਾਲ ਹੋਇਆ, ਜਿਸ ਵਿਚ ਹਾਲੈਂਡ ਦੀ ਟੀਮ ਨੇ ਇਟਲੀ ਨੂੰ ਹਰਾ ਕੇ ਫਾਈਨਲ ਵਿਚ ਜਗ ?ਹਾ ਪੱਕੀ ਕੀਤੀ ਸੀ।



ਇਸੇ ਤਰ੍ਹਾਂ ਦੂਸਰੇ ਸੈਮੀਫਾਈਨਲ ਮੁਕਾਬਲੇ ਵਿਚ ਦੂਸਰੇ ਇਟਲੀ ਦੀ ਹੀ ਬਣੀ ਹੋਈ ਦੂਜੀ ਟੀਮ ਨੂੰ ਹਰਾ ਕੇ ਸਪੇਨ ਨੇ ਫਾਈਨਲ ਕੁਝ ਸ਼ਮੂਲੀਅਤ ਕੀਤੀ ਸੀ। ਟੂਰਨਾਮੈਂਟ ਵਿਚ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ ਸ਼ ?ੋਮਣੀ ਅਕਾਲੀ ਦਲ ਦੇ ਆਗੂ ਕਰਨੈਲ ਸਿੰਘ ਜੀ ਪੀਰ ਮੁਹੰਮਦ ਵੱਲੋਂ ਖਿਡਾਰੀਆਂ ਦੇ ਨਾਲ ਜਾਣ-ਪਛਾਣ ਕਰ ਕੇ ਮੈਚਾਂ ਦੀ ਆਰੰਭਤਾ ਕਰਵਾਈ ਗਈ। ਇਸ ਤੋਂ ਪਹਿਲਾਂ ਕਰਵਾਏ ਫੁੱਟਬਾਲ ਦੇ ਮੈਚਾਂ ਵਿਚ ਸ਼ਹਿਰ ਦੀ ਮੇਅਰ ਵਲਨਤੀਨਾ ਵੱਲੋਂ ਰੀਬਨ ਕੱਟਕੇ ਇਸ ਟੂਰਨਾਮੈਂਟ ਸ਼ੁਰੂ ਕਰਵਾਇਆ ਗਿਆ ਸੀ।

**ਜੇਤੂ ਖਿਡਾਰੀਆਂ ਨੂੰ ਕੀਤਾ ਸਨਮਾਨਿਤ-** ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਦੇ ਮੁੱਖ ਪ੍ਰਬੰਧਕ ਸੁੱਖਾ ਗਿੱਲ ਹਰਪ੍ਰੀਤ ਸਿੰਘ ਜ਼ੀਰਾ ਤੇ ਰੁਪਿੰਦਰਜੀਤ ਸਿੰਘ ਵੱਲੋਂ ਆਏ ਹੋਏ ਮਹਿਮਾਨਾਂ ਅਤੇ ਖਿਡਾਰੀਆਂ ਦਾ ਭਰਵਾਂ ਸਵਾਗਤ ਅਤੇ ਮਾਣ-ਸਨਮਾਨ ਕੀਤਾ ਗਿਆ। ਜਿੱਥੇ ਖੇਡ ਮੇਲੇ ਨੂੰ ਲੈ ਕੇ ਤੁਸਕਾਨਾ ਸਟੇਟ ਦੇ ਕਈ ਪਿੰਡਾਂ ਤੋਂ ਲੋਕ ਪਹੁੰਚੇ ਹੋਏ ਸਨ ਉੱਥੇ ਸਪੇਨ, ਫ਼ਰਾਂਸ, ਜਰਮਨੀ, ਬੈਲਜੀਅਮ ਆਦਿ ਤੋਂ ਵੀ ਖਿਡਾਰੀ ਤੇ ਦਰਸ਼ਕਾਂ ਨੇ ਸ਼ਮੂਲੀਅਤ ਕੀਤੀ।

**ਦਸਤਾਰ ਮੁਕਾਬਲੇ ਤੇ ਬੱਚਿਆਂ ਦੀਆਂ ਦੌੜਾਂ ਵੀ ਕਰਵਾਈਆਂ-**ਪ੍ਰਬੰਧਕ ਕਮੇਟੀ ਵੱਲੋਂ ਆਏ ਖਿਡਾਰੀਆਂ ਲਈ ਲੋੜੀਂਦੇ ਪ੍ਰਬੰਧ ਕੀਤੇ ਹੋਏ ਸਨ ਇਸ ਦੇ ਬਾਵਜੂਦ ਕਈ ਖੇਡ ਪ੍ਰੇਮੀਆਂ ਵੱਲੋਂ ਖਿਡਾਰੀਆਂ ਨੂੰ ਆਪਣੇ-ਆਪਣੇ ਤੌਰ 'ਤੇ ਵੀ ਸਨਮਾਨਿਤ ਕੀਤਾ ਗਿਆ। ਕਮੈਂਟਰੀ ਵਿਚ ਬੱਬੂ ਜਲੰਧਰੀ ਤਾਰਾ ਕਿਸ਼ਨਪੁਰੀਆ, ਆਲਮਗੀਰ ਅਤੇ ਅਮਨ ਨੇ ਆਪਣੇ ਮਿੱਠੇ ਬੋਲਾਂ ਰਾਹੀਂ ਦਰਸ਼ਕਾਂ ਨੂੰ ਅੱਖੀਂ ਡਿੱਠਾ ਹਾਲ ਸੁਣਾਇਆ। ਸ਼ਲਾਘਾਯੋਗ ਉਪਰਾਲਾ ਕਰਦਿਆਂ ਹੋਇਆ ਇਕ-ਦਿਨ ਪਹਿਲਾਂ ਦਸਤਾਰ ਮੁਕਾਬਲੇ ਕਰਵਾਏ ਗਏ ਸਨ। ਉੱਥੇ ਛੋਟੇ ਛੋਟਿਆਂ ਨੇ ਬੱਚਿਆਂ ਦੀਆਂ ਦੌੜਾਂ ਵੀ ਕਰਵਾਈਆਂ ਗਈਆਂ ਅਤੇ ਨਾਲ ਦੀ ਨਾਲ ਟੂਰਨਾਮੈਂਟ ਵਿਚ ਹਿੱਸਾ ਲੈਣ ਲਈ ਆਏ ਬੱਚਿਆਂ ਨੂੰ ਪੰਜਾਬੀ ਬੋਲੀ ਨਾਲ ਜੁੜੇ ਰਹਿਣ ਲਈ ਪੰਜਾਬੀ ਲਿਖੇ ਹੋਏ ਬੈਗ ਦੇ ਕੇ ਸਨਮਾਨਿਤ ਕੀਤਾ ਗਿਆ।

## ਟਰੂਡੋ ਸਰਕਾਰ ਦਾ ਇਕ ਹੋਰ ਝਟਕਾ, ਸਟੱਡੀ ਪਰਮਿਟਾਂ ਦੀ ਗਿਣਤੀ 'ਚ ਕਟੌਤੀ ਦਾ ਐਲਾਨ

### ਵੱਡੀ ਗਿਣਤੀ 'ਚ ਭਾਰਤੀ ਨਾਗਰਿਕ ਹੋਣਗੇ ਪ੍ਰਭਾਵਿਤ



ਲਾਈਵ ਪੰਜਾਬੀ ਟੀਵੀ ਬਿਊਰੋ : ਕੈਨੇਡਾ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸਟੱਡੀ ਪਰਮਿਟਾਂ ਦੀ ਗਿਣਤੀ ਵਿਚ ਕਟੌਤੀ ਦਾ ਐਲਾਨ ਕੀਤਾ ਹੈ। ਕੈਨੇਡਾ ਦੇ ਇਸ ਫੈਸਲੇ ਨਾਲ ਵੱਡੀ ਗਿਣਤੀ ਵਿਚ ਭਾਰਤੀ ਨਾਗਰਿਕ ਪ੍ਰਭਾਵਿਤ ਹੋ ਸਕਦੇ ਹਨ।

**ਇਸ ਸਾਲ ਅੰਤਰਰਾਸ਼ਟਰੀ ਸਟੱਡੀ ਪਰਮਿਟ 35 ਫੀਸਦੀ ਘੱਟ ਕੀਤੇ ਜਾਰੀ –** ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਟਵਿੱਟਰ 'ਤੇ ਇਕ ਪੋਸਟ ਵਿਚ ਕਿਹਾ ਕਿ ਅਸੀਂ ਇਸ ਸਾਲ 35 ਫੀਸਦੀ ਘੱਟ ਅੰਤਰਰਾਸ਼ਟਰੀ ਵਿਦਿਆਰਥੀ ਪਰਮਿਟ ਜਾਰੀ ਕੀਤੇ ਹਨ। ਅਗਲੇ ਸਾਲ ਅਸੀਂ ਇਨ੍ਹਾਂ ਦੀ ਗਿਣਤੀ ਨੂੰ 10 ਫੀਸਦੀ ਹੋਰ ਘੱਟ ਕਰ ਦੇਵਾਂਗੇ। ਇਮੀਗ੍ਰੇਸ਼ਨ ਸਾਡੀ ਆਰਥਿਕਤਾ ਨੂੰ ਹੁਲਾਰਾ ਦਿੰਦਾ ਹੈ ਪਰ ਜਦੋਂ ਮਾੜੇ ਅਨਸਰ ਸਿਸਟਮ ਦੀ ਦੁਰਵਰਤੋਂ ਕਰਦੇ ਹਨ ਅਤੇ ਵਿਦਿਆਰਥੀਆਂ ਦਾ ਫਾਇਦਾ ਉਠਾਉਂਦੇ ਹਨ, ਤਾਂ ਅਸੀਂ ਇਸਨੂੰ ਰੋਕ ਦਿੰਦੇ ਹਾਂ।

ਟਰੂਡੋ ਸਰਕਾਰ ਨੇ ਇਹ ਕਦਮ ਅਜਿਹੇ ਸਮੇਂ ਵਿਚ ਚੁੱਕਿਆ ਹੈ ਜਦੋਂ ਕੈਨੇਡਾ ਸਰਕਾਰ ਅਸਥਾਈ ਨਿਵਾਸੀਆਂ ਦੀ ਗਿਣਤੀ ਘਟਾਉਣ ਬਾਰੇ ਵਿਚਾਰ ਕਰ ਰਹੀ ਹੈ। ਭਾਰਤੀ ਵਿਦਿਆਰਥੀਆਂ ਲਈ ਕੈਨੇਡਾ ਸਭ ਤੋਂ ਪਸੰਦੀਦਾ ਸਥਾਨ ਹੈ। ਭਾਰਤ ਵਿਦੇਸ਼ੀ ਵਿਦਿਆਰਥੀਆਂ ਦਾ ਸਭ ਤੋਂ ਵੱਡਾ ਸਰੋਤ ਹੈ ਅਤੇ ਅੰਦਾਜ਼ਨ 4.27 ਲੱਖ ਭਾਰਤੀ ਵਿਦਿਆਰਥੀ ਇਸ ਸਮੇਂ ਕੈਨੇਡਾ ਵਿਚ ਪੜ੍ਹ ਰਹੇ ਹਨ।

**ਕੈਨੇਡਾ ਸਾਲ 2025 ਵਿਚ 45 ਫੀਸਦੀ ਘੱਟ ਸਟੂਡੈਂਟ ਵੀਜ਼ਾ ਦੇਵੇਗਾ-** ਉਨ੍ਹਾਂ ਕਿਹਾ ਕਿ ਅਗਲੇ ਸਾਲ ਵਿਦਿਆਰਥੀ ਵੀਜ਼ੇ ਹੋਰ ਘੱਟ ਕਰ ਦਿੱਤੇ ਜਾਣਗੇ। ਕੈਨੇਡਾ ਸਾਲ 2025 ਵਿਚ 45 ਫੀਸਦੀ ਘੱਟ ਸਟੂਡੈਂਟ ਵੀਜ਼ਾ ਦੇਵੇਗਾ। ਕੈਨੇਡਾ ਵੀ ਅਸਥਾਈ ਵਿਦੇਸ਼ੀ ਕਾਮਿਆਂ ਦੀ ਗਿਣਤੀ ਘਟਾ ਰਿਹਾ ਹੈ। ਟਰੂਡੋ ਨੇ ਵਿਦੇਸ਼ੀ ਕਾਮਿਆਂ ਲਈ ਕੰਮ ਦੀ ਮਿਆਦ ਘਟਾਉਣ ਦੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਹੁਣ ਕਿਰਤ ਬਾਜ਼ਾਰ ਬਦਲ ਚੁੱਕਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਅਜਿਹੇ ਕਾਰੋਬਾਰਾਂ ਦੀ ਲੋੜ ਹੈ ਜੋ ਕੈਨੇਡੀਅਨ ਕਾਮਿਆਂ 'ਤੇ ਨਿਵੇਸ਼ ਕਰੇ।

## ਗੁਰਦੁਆਰਾ ਸੱਚਾ ਮਾਰਗ ਸਾਹਿਬ ਆਬਰਨ ਵਿਖੇ ਲਾਇਆ ਗਿਆ ਖ਼ੂਨਦਾਨ ਕੈਂਪ

### ਮਨੁੱਖਤਾ ਦੀ ਸੇਵਾ ਨੂੰ ਸਮਰਪਿਤ ਕੈਂਪ 'ਚ 25 ਵਿਅਕਤੀਆਂ ਨੇ ਕੀਤਾ ਖ਼ੂਨ ਦਾਨ




ਸਿਆਟਲ, ਬਲਿਹਾਰ ਲ੍ਹੇਲ : ਗੁਰਮਤਿ ਦੇ ਨਿਸ਼ਕਾਮ ਸੇਵਾ ਸੰਕਲਪ ਨੂੰ ਪਰਣਾਈ ਹੋਈ ਸੰਸਥਾ 'ਸੇਵਾਦਾਰ' ਵੱਲੋਂ ਗੁਰਦੁਆਰਾ ਸੱਚਾ ਮਾਰਗ ਸਾਹਿਬ ਆਬਰਨ ਵਿਖੇ ਇਕ ਖ਼ੂਨਦਾਨ ਕੈਂਪ ਲਗਾਇਆ ਗਿਆ। ਇਹ ਕੈਂਪ ਅਮਰੀਕਾ ਵਿਚ ਸਤੰਬਰ 11 ਦੀਆਂ ਘਟਨਾਵਾਂ ਵਿਚ ਮਾਰੇ ਗਏ ਬੇਕਸੂਰ ਲੋਕਾਂ ਦੀ ਯਾਦ ਨੂੰ ਸਮਰਪਿਤ ਸੀ। ਸਤੰਬਰ 11 ਦੀਆਂ ਘਟਨਾਵਾਂ ਵਿਚ ਜਿੱਥੇ ਬਹੁਤ ਸਾਰੇ ਲੋਕਾਂ ਨੇ ਆਪਣੀਆਂ ਜਾਨਾਂ ਗੁਆਈਆਂ ਉੱਥੇ ਨਾਲ ਹੀ ਇਨ੍ਹਾਂ ਘਟਨਾਵਾਂ ਤੋਂ ਬਾਅਦ ਫੈਲੀ ਧਾਰਮਿਕ ਨਫਰਤ ਕਾਰਨ ਵੀ ਬਹੁਤ ਸਾਰੇ ਲੋਕਾਂ ਨੇ ਸੰਤਾਪ ਭੋਗਿਆ। ਸੇਵਾਦਾਰ ਗਰੁੱਪ ਦੇ ਪ੍ਰਬੰਧਕਾਂ ਅਨੁਸਾਰ ਇਹ ਕੈਂਪ ਉਨ੍ਹਾਂ ਨੂੰ ਵਿਰਾਸਤ ਵਿਚ ਮਿਲੀ



ਸਮਾਜ ਪ੍ਰਤੀ ਪਿਆਰ, ਸੇਵਾ ਅਤੇ ਸਮਰਪਣ ਦੀ ਭਾਵਨਾ ਨੂੰ ਦਰਸਾਉਂਦਾ ਹੈ। ਇਸ ਕਾਰਜ ਵਿਚ ਸਹਿਯੋਗ ਦੇਣ ਲਈ ਬਲੱਡ ਬੈਂਕ ਦੇ ਅਧਿਕਾਰੀ ਆਪਣੀ ਬੱਸ ਲੈ ਕੇ ਗੁਰਦੁਆਰਾ ਸਾਹਿਬ ਪਹੁੰਚੇ, ਜਿਸ ਕਾਰਨ ਖ਼ੂਨ ਦਾਨ ਕਰਨਾ ਹੋਰ ਵੀ ਸੌਖਾ ਹੋ ਗਿਆ। ਇਸ ਕੈਂਪ ਦੌਰਾਨ 25 ਵਿਅਕਤੀਆਂ ਨੇ ਖ਼ੂਨ ਦਾਨ ਕੀਤਾ, ਜਿਸ ਨਾਲ 75 ਵਿਅਕਤੀਆਂ ਦੀ ਜਾਨ ਬਚਾਈ ਜਾ ਸਕਦੀ ਹੈ। ਸੇਵਾਦਾਰ ਸੰਸਥਾ ਨਾਲ ਜੁੜੇ ਨੌਜਵਾਨ ਸੇਵਾਦਾਰਾਂ ਨੇ ਵੱਡੀ ਗਿਣਤੀ ਵਿਚ ਪਹੁੰਚ ਕੇ ਇਸ ਕੈਂਪ ਨੂੰ ਨੇਪਰੇ ਚਾੜਿਆ। ਸੇਵਾਦਾਰ ਸੰਸਥਾ ਦੇ ਪ੍ਰਬੰਧਕਾਂ ਵੱਲੋਂ ਖ਼ੂਨਦਾਨ ਕਰਨ ਵਾਲੇ ਵਿਅਕਤੀਆਂ, ਸੱਚਾ ਮਾਰਗ ਗੁਰਦੁਆਰਾ ਸਾਹਿਬ, ਸੰਗਤ ਤੇ ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ:) ਦੇ ਮੈਂਬਰਾਂ ਦਾ ਇਸ ਕੈਂਪ ਵਿਚ ਸਹਿਯੋਗ ਦੇਣ ਲਈ ਵਿਸ਼ੇਸ਼ ਧੰਨਵਾਦ ਕੀਤਾ ਗਿਆ।

# ਅਮਰੀਕਾ ਦੀ ਧਰੁਵੀ ਪਟੇਲ ਦੇ ਸਿਰ ਸਜਿਆ ਮਿਸ ਇੰਡੀਆ ਵਰਲਡਵਾਈਡ-2024' ਦਾ ਤਾਜ





ਪੰਜਾਬੀ ਪਹਿਚਾਣ ਬਿਊਰੋ : ਅਮਰੀਕਾ ਵਿਚ 'ਕੰਪਿਊਟਰ ਇਨਫਰਮੇਸ਼ਨ ਸਿਸਟਮ' ਦੀ ਵਿਦਿਆਰਥਣ ਧਰੁਵੀ ਪਟੇਲ ਨੂੰ 'ਮਿਸ ਇੰਡੀਆ ਵਰਲਡਵਾਈਡ–2024' ਐਲਾਨਿਆ ਗਿਆ ਹੈ। 'ਮਿਸ ਇੰਡੀਆ ਵਰਲਡਵਾਈਡ' ਭਾਰਤ ਤੋਂ ਬਾਹਰ ਆਯੋਜਿਤ ਇਕ 'ਸੁੰਦਰਤਾ ਪ੍ਰਤੀਯੋਗਿਤਾ' ਹੈ। ਧਰੁਵੀ ਹਿੰਦੀ ਫਿਲਮਾਂ ਵਿਚ ਅਦਾਕਾਰਾ ਤੇ ਸੰਯੁਕਤ ਰਾਸ਼ਟਰ ਬਾਲ ਫੰਡ (ਯੂਨੀਸੇਫ) ਦੀ ਰਾਜਦੂਤ ਬਣਨਾ ਚਾਹੁੰਦੀ ਹੈ।

ਨਿਊਜਰਸੀ ਦੇ ਐਡੀਸਨ ਵਿਚ ਮਿਸ ਇੰਡੀਆ ਵਰਲਡਵਾਈਡ ਦਾ ਤਾਜ ਪਹਿਨਣ ਤੋਂ ਬਾਅਦ ਧਰੁਵੀ ਨੇ ਕਿਹਾ ਕਿ ਮਿਸ ਇੰਡੀਆ ਵਰਲਡਵਾਈਡ ਦਾ ਖਿਤਾਬ ਜਿੱਤਣਾ ਇਕ ਬੇਮਿਸਾਲ ਸਨਮਾਨ ਹੈ। ਇਹ ਇੱਕ ਤਾਜ ਤੋਂ ਕਿਤੇ ਵੱਧ ਹੈ। ਇਹ ਮੇਰੀ ਵਿਰਾਸਤ, ਮੇਰੀਆਂ ਕਦਰਾਂ–ਕੀਮਤਾਂ ਅਤੇ ਵਿਸ਼ਵ ਪੱਧਰ 'ਤੇ ਦੂਜਿਆਂ ਨੂੰ ਪ੍ਰੇਰਿਤ ਕਰਨ ਦੇ ਮੌਕੇ ਨੂੰ ਦਰਸਾਉਂਦਾ ਹੈ। ਸੂਰੀਨਾਮ ਦੀ ਲੀਜ਼ਾ ਅਬਦੋਏਲਹਕ 'ਫਸਟ ਰਨਰ ਅੱਪ' ਰਹੀ, ਜਦੋਂ ਕਿ ਨੀਦਰਲੈਂਡ ਦੀ ਮਾਲਵਿਕਾ ਸ਼ਰਮਾ ਨੂੰ 'ਸੈਕੰਡ ਰਨਰ ਅੱਪ' ਐਲਾਨਿਆ ਗਿਆ। 'ਮਿਸਿਜ਼' ਵਰਗ ਵਿਚ ਤ੍ਰਿਨੀਦਾਦ ਅਤੇ ਟੋਬੈਗੋ ਦੀ ਸੁਆਨ ਮੁਟੇਟ ਜੇਤੂ ਰਹੀ, ਸਨੇਹਾ ਨੰਬਿਆਰ 'ਫਰਸਟ ਰਨਰਅੱਪ' ਅਤੇ ਬ੍ਰਿਟੇਨ ਦੀ ਪਵਨਦੀਪ ਕੌਰ 'ਸੈਕੰਡ ਰਨਰਅੱਪ' ਰਹੀ। ਲੜਕੀਆਂ ਦੀ 'ਟੀਨ' ਸ਼੍ਰੇਣੀ ਵਿਚ ਗਵਾਡੇਲੋਪ ਦੀ ਸਿਏਰਾ ਸੁਰੇਟ ਨੂੰ 'ਮਿਸ ਟੀਨ ਇੰਡੀਆ ਵਰਲਡਵਾਈਡ' ਦਾ ਤਾਜ ਪਹਿਨਾਇਆ ਗਿਆ। ਨੀਦਰਲੈਂਡ ਦੀ ਸ਼੍ਰੇਆ ਸਿੰਘ ਅਤੇ ਸੂਰੀਨਾਮ ਦੀ ਸ਼ਰਧਾ ਟੇਡਜੋ ਨੂੰ ਕ੍ਰਮਵਾਰ 'ਫਰਸਟ' ਅਤੇ 'ਸੈਕੰਡ ਰਨਰ ਅੱਪ' ਐਲਾਨਿਆ ਗਿਆ। 'ਸੁੰਦਰਤਾ ਪ੍ਰਤੀਯੋਗਿਤਾ' ਨਿਊਯਾਰਕ ਦੀ ਇੰਡੀਆ ਫੈਸਟੀਵਲ ਕਮੇਟੀ ਦੁਆਰਾ ਕਰਵਾਈ ਗਈ ਹੈ ਅਤੇ ਇਸ ਦੀ ਅਗਵਾਈ ਭਾਰਤੀ–ਅਮਰੀਕੀ ਨੀਲਮ ਅਤੇ ਧਰਮਾਤਮਾ ਸਰਨ ਨੇ ਕੀਤੀ ਹੈ। ਇਸ ਸਾਲ ਇਹ 31ਵਾਂ 'ਸੁੰਦਰਤਾ ਪ੍ਰਤੀਯੋਗਿਤਾ' ਸੀ।

# ਪੁਲਾੜ ਤੋਂ ਸੁਨੀਤਾ ਵਿਲੀਅਮਸ ਤੇ ਵਿਲਮੋਰ ਰਾਸ਼ਟਰਪਤੀ ਚੋਣ ਲਈ ਪਾਉਣਗੇ ਵੋਟ



ਪੰਜਾਬੀ ਪਹਿਚਾਣ ਬਿਊਰੋ : ਨਾਸਾ ਦੇ ਪੁਲਾੜ ਯਾਤਰੀਆਂ ਸੁਨੀਤਾ ਵਿਲੀਅਮਸ ਅਤੇ ਬੁਚ ਵਿਲਮੋਰ ਨੇ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਤੋਂ ਨਵੰਬਰ ਵਿਚ ਅਮਰੀਕੀ ਰਾਸ਼ਟਰਪਤੀ ਚੋਣਾਂ ਵਿਚ ਵੋਟ ਪਾਉਣ ਦੀ ਇੱਛਾ ਜ਼ਾਹਰ ਕੀਤੀ, ਕਿਉਂਕਿ ਪੁਲਾੜ ਵਿਚ ਉਨ੍ਹਾਂ ਦਾ ਠਹਿਰਾਅ ਵਧ ਗਿਆ ਹੈ। ਦੋਵੇਂ ਪੁਲਾੜ ਯਾਤਰੀਆਂ ਨੇ ਧਰਤੀ ਤੋਂ 420 ਕਿਲੋਮੀਟਰ ਦੂਰ ਪੁਲਾੜ ਕੇਂਦਰ ਵਿਚ ਪ੍ਰੈੱਸ ਕਾਨਫਰੰਸ ਕੀਤੀ ਅਤੇ ਮੀਡੀਆ ਨਾਲ ਗੱਲਬਾਤ ਕੀਤੀ। ਦੋਵਾਂ ਨੇ ਹੀ ਕਿਹਾ ਕਿ ਉਹ ਅਮਰੀਕੀ ਰਾਸ਼ਟਰਪਤੀ ਦੀ ਹੋਣ ਵਾਲੀ ਚੋਣ ਲਈ ਵੋਟ ਪਾਉਣਗੇ। ਵੋਟਿੰਗ ਨੂੰ ਲੈ ਕੇ ਪੁੱਛੇ ਗਏ ਇਕ ਸਵਾਲ ਦੇ ਜਵਾਬ ਵਿਚ ਬੁਚ ਨੇ ਕਿਹਾ ਕਿ ਉਨ੍ਹਾਂ ਨੇ ਅੱਜ ਹੀ ਵੋਟ ਦੇਣ ਨਾਲ ਜੁੜੀ ਪ੍ਰਕਿਰਿਆ ਸ਼ੁਰੂ ਕੀਤੀ ਹੈ ਅਤੇ ਇਹ ਜ਼ਰੂਰੀ ਡਿਊਟੀ ਹੈ। ਨਾਸਾ ਨੇ ਵੋਟ ਪਾਉਣ ਦੀ ਪ੍ਰਕਿਰਿਆ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਕਿ ਅਸੀਂ ਕਿਵੇਂ ਵੋਟ ਪਾ ਸਕਦੇ ਹਾਂ। ਸੁਨੀਤਾ ਵਿਲੀਅਮ ਨੇ ਕਿਹਾ ਕਿ ਉਹ ਸਪੇਸ ਤੋਂ ਵੋਟਿੰਗ ਕਰਨ ਨੂੰ ਲੈ ਕੇ ਉਤਸ਼ਾਹਿਤ ਹਨ। ਇਹ ਪ੍ਰੈੱਸ ਕਾਨਫਰੰਸ ਸਟਾਰਲਾਈਨਰ ਦੇ ਧਰਤੀ 'ਤੇ ਵਾਪਸ ਆਉਣ ਤੋਂ ਇਕ ਹਫਤੇ ਬਾਅਦ ਹੋਈ। ਇਹ ਜੋੜੀ 5 ਜੂਨ ਨੂੰ ਆਪਣੀ ਪਹਿਲੀ ਚਾਲਕ ਦਲ ਦੀ ਉਡਾਣ ਲਈ ਬੋਇੰਗ ਦੇ ਸਟਾਰਲਾਈਨਰ ਪੁਲਾੜ ਯਾਨ ਵਿਚ ਸਵਾਰ ਹੋਈ ਤੇ 6 ਜੂਨ ਨੂੰ ਪੁਲਾੜ ਸਟੇਸ਼ਨ 'ਤੇ ਪਹੁੰਚੀ। ਸਟਾਰਲਾਈਨਰ ਨੂੰ ਇਸਦੇ ਚਾਲਕ ਦਲ ਦੇ ਬਿਨਾਂ ਧਰਤੀ 'ਤੇ ਵਾਪਸ ਕਰਨ ਦਾ ਫੈਸਲਾ ਲਿਆ ਗਿਆ। ਪੁਲਾੜ ਯਾਨ ਪੁਲਾੜ ਵਿਚ ਤਿੰਨ ਮਹੀਨਿਆਂ ਤੋਂ ਵੱਧ ਸਮੇਂ ਤੋਂ ਬਾਅਦ 6 ਸਤੰਬਰ ਨੂੰ ਸਫਲਤਾਪੂਰਵਕ ਵਾਪਸ ਪਰਤਿਆ। ਇਸ ਨੇ ਨਿਊ ਮੈਕਸੀਕੋ ਦੇ ਵ ?ਹਾਈਟ ਸੈਂਡਸ ਸਪੇਸ ਹਾਰਬਰ 'ਤੇ ਸੁਰੱਖਿਅਤ ਲੈਂਡਿੰਗ ਕੀਤੀ।

# ਪੰਜਾਬ 'ਚ ਬੰਦ ਹੋਵੇਗੀ ਝੋਨੇ ਦੀ ਖੇਤੀ !



ਪੰਜਾਬੀ ਪਹਿਚਾਣ ਬਿਊਰੋ : ਪੰਜਾਬ ਧਰਤੀ ਹੇਠਲੇ ਪਾਣੀ ਦੇ ਗੰਭੀਰ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਪਾਣੀ ਦੇ ਸੰਕਟ ਦੇ ਮੱਦੇਨਜ਼ਰ ਭਗਵੰਤ ਮਾਨ ਸਰਕਾਰ ਨੇ ਅਰਥ ਸ਼ਾਸਤਰੀ ਸੁਖਪਾਲ ਸਿੰਘ ਦੀ ਪ੍ਰਧਾਨਗੀ ਹੇਠ ਖੇਤੀ ਨੀਤੀ ਦਾ ਖਰੜਾ ਤਿਆਰ ਕੀਤਾ ਹੈ। ਇਸ ਨੀਤੀ ਤਹਿਤ ਸਰਕਾਰ ਨੇ ਸੂਬੇ ਦੇ 15 ਬਲਾਕਾਂ ਵਿਚ ਲੰਬੇ ਸਮੇਂ ਤੱਕ ਚੱਲਣ ਵਾਲੀਆਂ ਝੋਨੇ ਦੀਆਂ ਕਿਸਮਾਂ ਅਤੇ ਝੋਨੇ ਦੀ ਕਾਸ਼ਤ 'ਤੇ ਪਾਬੰਦੀ ਲਗਾਉਣ ਦੀ ਸਿਫ਼ਾਰਸ਼ ਕੀਤੀ ਹੈ। ਇਸ ਦੀ ਕਾਸ਼ਤ ਵਿਚ, ਵਾਟਰ ਰੀਚਾਰਜ ਰੇਟ ਨਾਲੋਂ 300 ਫੀਸਦੀ ਵੱਧ ਪਾਣੀ ਲੱਗਦਾ ਹੈ। ਸਰਕਾਰ ਨੇ ਝੋਨੇ ਦੀ ਥਾਂ ਬਦਲਵੀਂ ਖੇਤੀ 'ਤੇ ਵਿਚਾਰ ਕਰਨ ਦੀ ਗੱਲ ਕਹੀ ਹੈ। ਸਰਕਾਰ ਨੇ ਇਹ ਨੀਤੀ ਕਿਸਾਨ ਆਗੂਆਂ ਨਾਲ ਸਾਂਝੀ ਕੀਤੀ ਹੈ। ਇਸ ਦੇ ਨਾਲ ਹੀ, ਪਾਣੀ ਦੇ ਸੰਕਟ ਦੇ ਮੱਦੇਨਜ਼ਰ ਸਰਕਾਰ ਨੇ ਨੀਤੀ ਵਿਚ ਸੂਬੇ ਦੀ ਕੁੱਲ ਪਾਣੀ ਦੀ ਮੰਗ (66.12 ਬੀਸੀਐੱਮ) ਦਾ ਘੱਟੋ ਘੱਟ 30 ਫੀਸਦੀ (20 ਬੀਸੀਐੱਮ) ਬਚਾਉਣ ਦਾ ਟੀਚਾ ਰੱਖਿਆ ਹੈ। ਜਿਨ੍ਹਾਂ ਬਲਾਕਾਂ ਵਿਚ ਝੋਨੇ ਦੀ ਕਾਸ਼ਤ 'ਤੇ ਪਾਬੰਦੀ ਲਗਾਉਣ ਦੀ ਸਿਫ਼ਾਰਸ਼ ਕੀਤੀ ਗਈ ਹੈ, ਉੱਥੇ ਉਨ੍ਹਾਂ ਨੂੰ ਕਪਾਹ, ਮੱਕੀ, ਗੰਨਾ, ਸਬਜ਼ੀਆਂ ਅਤੇ ਬਾਗਾਂ ਵਰਗੀਆਂ ਬਦਲਵੀਂ ਫ਼ਸਲਾਂ ਦੀ ਕਾਸ਼ਤ ਕਰਨ ਦੀ ਸਲਾਹ ਦਿੱਤੀ ਗਈ ਤਾਂ ਜੋ ਜ਼ਮੀਨਾਂ ਨੂੰ ਬੰਜਰ ਹੋਣ ਤੋਂ ਬਚਾਇਆ ਜਾ ਸਕੇ। ਇਨ੍ਹਾਂ ਬਲਾਕਾਂ ਦੇ ਕਿਸਾਨਾਂ ਨੂੰ ਮੁਆਵਜ਼ਾ ਦੇਣ ਦੀ ਗੱਲ ਵੀ ਕੀਤੀ ਗਈ ਹੈ ਤਾਂ ਜੋ ਉਹ ਝੋਨੇ ਦੀ ਕਾਸ਼ਤ ਨਾਲੋਂ ਵੱਧ ਮੁਨਾਫ਼ਾ ਕਮਾ ਸਕਣ।

# ਭਾਰਤ-ਚੀਨ ਸਬੰਧਾਂ 'ਚ ਸੁਧਾਰ ਲਈ ਸਰਹੱਦ 'ਤੇ ਸ਼ਾਂਤੀ ਜ਼ਰੂਰੀ: ਜੈਸ਼ੰਕਰ

## ਬੰਗਲਾਦੇਸ਼ ਅਤੇ ਸ੍ਰੀਲੰਕਾ ਨਾਲ ਸਬੰਧ ਹਾਂ-ਪੱਖੀ ਅਤੇ ਉਸਾਰੂ ਰਹਿਣ ਦੀ ਉਮੀਦ ਪ੍ਰਗਟਾਈ



ਪੰਜਾਬੀ ਪਹਿਚਾਣ ਬਿਊਰੋ : ਭਾਰਤ ਅਤੇ ਚੀਨ ਦੇ ਸਬੰਧਾਂ ਦਾ ਪੂਰੀ ਦੁਨੀਆ 'ਤੇ ਅਸਰ ਪੈਣ ਦਾ ਦਾਅਵਾ ਕਰਦਿਆਂ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਕਿਹਾ ਹੈ ਕਿ ਦੋਵੇਂ ਮੁਲਕਾਂ ਵਿਚਕਾਰ ਦੁਵੱਲੇ ਸਬੰਧ ਅਗਾਂਹ ਤੋਰਨ ਲਈ ਪਹਿਲਾਂ ਸਰਹੱਦਾਂ 'ਤੇ ਸ਼ਾਂਤੀ ਬਹਾਲ ਕੀਤੇ ਜਾਣ ਦੀ ਲੋੜ ਹੈ। ਏਸ਼ੀਆ ਸੁਸਾਇਟੀ ਅਤੇ ਏਸ਼ੀਆ ਸੁਸਾਇਟੀ ਪਾਲਿਸੀ ਇੰਸਟੀਚਿਊਟ ਵੱਲੋਂ ਇਥੇ ਕਰਵਾਏ ਗਏ ਪ੍ਰੋਗਰਾਮ ਦੌਰਾਨ ਜੈਸ਼ੰਕਰ ਨੇ ਕਿਹਾ ਕਿ ਭਾਰਤ ਅਤੇ ਚੀਨ ਦਾ ਨਾਲੋਂ–ਨਾਲ ਵਿਕਾਸ ਬਹੁਤ ਨਿਵੇਕਲੀ ਸਮੱਸਿਆ ਹੈ। ਉਨ੍ਹਾਂ ਇਹ ਵੀ ਭਰੋਸਾ ਜਤਾਇਆ ਕਿ ਭਾਰਤ ਦੇ ਬੰਗਲਾਦੇਸ਼ ਅਤੇ ਸ੍ਰੀਲੰਕਾ ਨਾਲ ਸਬੰਧ ਹਾਂ–ਪੱਖੀ ਅਤੇ ਉਸਾਰੂ ਰਹਿਣਗੇ। ਉਨ੍ਹਾਂ ਕਿਹਾ ਕਿ ਭਾਰਤ ਹਰੇਕ ਗੁਆਂਢੀ ਮੁਲਕ ਦੇ ਸਿਆਸੀ ਹਾਲਾਤ 'ਤੇ ਕੰਟਰੋਲ ਨਹੀਂ ਕਰਨਾ ਚਾਹੁੰਦਾ ਹੈ। ਜੈਸ਼ੰਕਰ ਨੇ 'ਭਾਰਤ, ਏਸ਼ੀਆ ਅਤੇ ਦੁਨੀਆ' ਵਿਸ਼ੇ 'ਤੇ ਬੋਲਦਿਆਂ ਕਿਹਾ, 'ਮੈਨੂੰ ਜਾਪਦਾ ਹੈ ਕਿ ਭਾਰਤ–ਚੀਨ ਸਬੰਧ ਏਸ਼ੀਆ ਦੇ ਭਵਿੱਖ ਲਈ ਅਹਿਮ ਹਨ। ਤੁਸੀਂ ਆਖ ਸਕਦੇ ਹੋ ਕਿ ਜੇ ਦੁਨੀਆ ਨੂੰ ਬਹੁ–ਧਰੁਵੀ ਬਣਾਉਣਾ ਹੈ ਤਾਂ ਏਸ਼ੀਆ ਨੂੰ ਬਹੁ–ਧਰੁਵੀ ਹੋਣਾ ਹੋਵੇਗਾ। ਇਸ ਲਈ ਚੀਨ ਨਾਲ ਸਬੰਧ ਸਿਰਫ਼ ਏਸ਼ੀਆ ਨਹੀਂ ਸਗੋਂ ਦੁਨੀਆ ਦੇ ਭਵਿੱਖ 'ਤੇ ਵੀ ਅਸਰ ਪਾਉਣਗੇ।" ਉਨ੍ਹਾਂ ਕਿਹਾ ਕਿ ਦੋ ਅਜਿਹੇ ਮੁਲਕ ਹਨ ਜੋ ਗੁਆਂਢੀ ਹਨ ਅਤੇ ਇਸ ਗੱਲੋਂ ਅਨੋਖੇ ਹਨ ਕਿ ਉਹ ਇਕ ਅਰਬ ਤੋਂ ਵਧ ਆਬਾਦੀ ਵਾਲੇ ਦੇਸ਼ ਵੀ ਹਨ। ਦੋਵੇਂ ਆਲਮੀ ਪ੍ਰਬੰਧ 'ਚ ਉਭਰ ਰਹੇ ਹਨ ਅਤੇ ਉਨ੍ਹਾਂ ਦੀਆਂ ਸਰਹੱਦਾਂ ਅਸਪੱਸ਼ਟ ਹਨ ਤੇ ਇਕ ਸਾਂਝੀ ਸਰਹੱਦ ਵੀ ਹੈ। ਇਸ ਲਈ ਇਹ ਬਹੁਤ ਗੁੰਝਲਦਾਰ ਮੁੱਦਾ ਹੈ। ਵਿਦੇਸ਼ ਮੰਤਰੀ ਨੇ ਕਿਹਾ, "ਜਦੋਂ ਮੈਂ ਆਖਦਾ ਹਾਂ ਕਿ ਚੀਨ ਨਾਲ ਕਰੀਬ 75 ਫ਼ੀਸਦੀ ਮਸਲਾ ਹਲ ਕਰ ਲਿਆ ਗਿਆ ਹੈ ਤਾਂ ਇਹ ਸਿਰਫ਼ ਫ਼ੌਜਾਂ ਦੇ ਪਿਛਾਂਹ ਹਟਣ ਦੇ ਸਬੰਧ 'ਚ ਹੈ। ਇਸ ਲਈ ਇਹ ਸਮੱਸਿਆ ਦਾ ਇਕ ਹਿੱਸਾ ਹੈ। ਅਜੇ ਮੁੱਖ ਮੁੱਦਾ ਗਸ਼ਤ ਦਾ ਵੀ ਹੈ।' ਜੈਸ਼ੰਕਰ ਨੇ ਕਿਹਾ ਕਿ ਭਾਰਤ ਅਤੇ ਚੀਨ ਵਿਚਕਾਰ 3,500 ਕਿਲੋਮੀਟਰ ਦਾ ਸਰਹੱਦੀ ਵਿਵਾਦ ਹੈ। ਇਸ ਲਈ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਸਰਹੱਦ 'ਤੇ ਸ਼ਾਂਤੀ ਹੋਵੇ ਤਾਂ ਜੋ ਹੋਰ ਮੁੱਦਿਆਂ 'ਤੇ ਗੱਲ ਅੱਗੇ ਵਧ ਸਕੇ।





GENTLEMAN GENE's
Pub & EATERY



1400 Parker Way, Mount Vernon, WA 98273

Handy Andy & Shell



Kamal Preet





Ghanish Kumar

3314 NE 44th St, Vancouver, WA 98663

# ਮਖਾਣੇ ਖਾਣ ਨਾਲ ਕਈ ਸਮੱਸਿਆਵਾਂ ਤੋਂ ਮਿਲ ਸਕਦਾ ਹੈ ਛੁਟਕਾਰਾ

ਪੰਜਾਬੀ ਪਹਿਚਾਣ ਬਿਊਰੋ : ਮਖਾਣੇ ਲਗਾਤਾਰ ਖਾਣ ਨਾਲ ਉਨ੍ਹਾਂ ਦੇ ਭਰਪੂਰ ਪੌਸ਼ਟਿਕ ਤੇ ਚਿਕਿਤਸਕ ਗੁਣਾਂ ਕਾਰਨ ਬਹੁਤ ਸਾਰੇ ਸਿਹਤ ਲਾਭ ਮਿਲ ਸਕਦੇ ਹਨ। ਜਿਸ ਕਾਰਨ ਇਨ੍ਹਾਂ ਨੂੰ ਆਪਣੀ ਡਾਈਟ ਵਿਚ ਸ਼ਾਮਲ ਕਰਨਾ ਚਾਹੀਦਾ ਹੈ। ਮਖਾਣੇ ਦਾ ਸੇਵਨ ਕਈ ਤਰੀਕਿਆਂ ਨਾਲ ਕੀਤਾ ਜਾ ਸਕਦਾ ਹੈ। ਦੁੱਧ ਦੇ ਨਾਲ ਮਖਾਣੇ ਦੀ ਵਰਤੋਂ ਕਰਨਾ ਤੁਹਾਡੇ ਲਈ ਬਹੁਤ ਫਾਇਦੇਮੰਦ ਸਾਬਤ ਹੋ ਸਕਦਾ ਹੈ। ਕੁਝ ਲੋਕ ਮਖਾਣੇ ਭੁੰਨ ਕੇ ਵੀ ਖਾਂਦੇ ਹਨ। ਦੁੱਧ ਵਿਚ ਭਿਓਂ ਕੇ ਮਖਾਣੇ ਖਾਣ ਨਾਲ ਹੱਡੀਆਂ ਸਿਹਤਮੰਦ ਰਹਿੰਦੀਆਂ ਹਨ।



**ਪੋਸ਼ਕ ਤੱਤਾਂ ਨਾਲ ਭਰਪੂਰ ਹੁੰਦਾ ਹੈ ਮਖਾਣਾ**-ਮਖਾਣੇ ਪ੍ਰੋਟੀਨ, ਫਾਈਬਰ, ਮੈਗਨੀਸ਼ੀਅਮ, ਪੋਟਾਸ਼ੀਅਮ ਅਤੇ ਕੈਲਸ਼ੀਅਮ ਸਮੇਤ ਬਹੁਤ ਸਾਰੇ ਜ਼ਰੂਰੀ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦੇ ਹਨ। ਇਹ ਪੌਸ਼ਟਿਕ ਤੱਤ ਮਾਸਪੇਸ਼ੀਆਂ ਦੀ ਸਿਹਤ, ਨਸਾਂ ਦੇ ਕੰਮ ਅਤੇ ਹੱਡੀਆਂ ਦੀ ਮਜ਼ਬੂਤੀ ਸਮੇਤ ਕਈ ਤਰ੍ਹਾਂ ਦੇ ਸਰੀਰਕ ਕਾਰਜਾਂ ਲਈ ਮਹੱਤਵਪੂਰਨ ਹਨ।

**ਘੱਟ ਕੈਲੋਰੀ :** ਕਈ ਹੋਰ ਸਨੈਕਸਾਂ ਦੇ ਮੁਕਾਬਲੇ ਮਖਾਣੇ ਦੀ ਕੈਲੋਰੀ ਅਤੇ ਚਰਬੀ ਦੀ ਮਾਤਰਾ ਮੁਕਾਬਲਤਨ ਘੱਟ ਹੁੰਦੀ ਹੈ। ਇਹ ਉਹਨਾਂ ਲੋਕਾਂ ਲਈ ਇੱਕ ਵਧੀਆ ਬਦਲ ਬਣਾਉਂਦਾ ਹੈ ਜੋ ਪੌਸ਼ਟਿਕ ਨਾਸ਼ਤੇ 'ਤੇ ਸਮਝੌਤਾ ਕੀਤੇ ਬਿਨਾਂ ਆਪਣੇ ਭਾਰ ਨੂੰ ਕੰਟਰੋਲ ਕਰਨਾ ਚਾਹੁੰਦੇ ਹਨ ਜਾਂ ਕੈਲੋਰੀ ਦੀ ਮਾਤਰਾ ਨੂੰ ਘਟਾਉਣਾ ਚਾਹੁੰਦੇ ਹਨ।

ਮਖਾਣੇ ਵਿਚ ਮੌਜੂਦ ਉੱਚ ਫਾਈਬਰ ਸਮੱਗਰੀ ਸਿਹਤਮੰਦ ਪਾਚਨ ਅਤੇ ਨਿਯਮਤ ਅੰਤੜੀਆਂ ਨੂੰ ਬੜ੍ਹਾਵਾ ਦਿੰਦੀ ਹੈ। ਫਾਈਬਰ ਕਬਜ਼ ਨੂੰ ਰੋਕਣ, ਅੰਤੜੀਆਂ ਦੀ ਸਿਹਤ ਦਾ ਸਮਰਥਨ ਕਰਨ ਅਤੇ ਭਰਪੂਰਤਾ ਦੀ ਭਾਵਨਾ ਪ੍ਰਦਾਨ ਕਰਨ ਵਿਚ ਮਦਦ ਕਰਦਾ ਹੈ, ਬਹੁਤ ਜ਼ਿਆਦਾ ਖਾਣ ਦੀ ਸੰਭਾਵਨਾ ਨੂੰ ਘਟਾਉਂਦਾ ਹੈ।

**ਦਿਲ ਤੰਦਰੁਸਤ:** ਮਖਾਣੇ ਐਂਟੀਆਕਸੀਡੈਂਟ ਅਤੇ ਪੋਟਾਸ਼ੀਅਮ ਦਾ ਚੰਗਾ ਸਰੋਤ ਹੈ। ਐਂਟੀਆਕਸੀਡੈਂਟ ਆਕਸੀਡੇਟਿਵ ਤਣਾਅ ਅਤੇ ਸੋਜਸ਼ ਨਾਲ ਲੜਨ ਵਿਚ ਮਦਦ ਕਰਦੇ ਹਨ, ਜਦੋਂ ਕਿ ਪੋਟਾਸ਼ੀਅਮ ਬਲੱਡ ਪ੍ਰੈਸ਼ਰ ਦੇ ਪੱਧਰਾਂ ਨੂੰ ਨਿਯੰਤ੍ਰਿਤ ਕਰਨ ਵਿਚ ਮਦਦ ਕਰਦਾ ਹੈ, ਦਿਲ ਦੀ ਬਿਮਾਰੀ ਦੇ ਜੋਖਮ ਨੂੰ ਘਟਾਉਂਦਾ ਹੈ। ਇਕੱਠੇ, ਇਹ ਗੁਣ ਸਮੁੱਚੇ ਦਿਲ ਦੀ ਸਿਹਤ ਦਾ ਸਮਰਥਨ ਕਰਦੇ ਹਨ।

**ਹੱਡੀਆਂ ਮਜ਼ਬੂਤ:** ਕੈਲਸ਼ੀਅਮ ਅਤੇ ਮੈਗਨੀਸ਼ੀਅਮ ਨਾਲ ਭਰਪੂਰ ਮਖਾਣੇ ਹੱਡੀਆਂ ਅਤੇ ਦੰਦਾਂ ਨੂੰ ਮਜ਼ਬੂਤ ਕਰਨ ਵਿਚ ਮਦਦ ਕਰਦਾ ਹੈ। ਨਿਯਮਤ ਖਪਤ ਹੱਡੀਆਂ ਦੀਆਂ ਬਿਮਾਰੀਆਂ ਜਿਵੇਂ ਕਿ ਓਸਟੀਓਪੋਰੋਸਿਸ ਨੂੰ ਰੋਕਣ ਵਿੱਚ ਮਦਦ ਕਰ ਸਕਦੀ ਹੈ ਅਤੇ ਸਮੁੱਚੀ ਪਿੰਜਰ ਦੀ ਸਿਹਤ ਦਾ ਸਮਰਥਨ ਕਰ ਸਕਦੀ ਹੈ।

**ਇਸ ਤਰ੍ਹਾਂ ਕਰੋ ਮਖਾਣੇ ਦਾ ਸੇਵਨ**

ਮਖਾਣੇ ਦਾ ਸੇਵਨ ਤੁਸੀਂ ਕਈ ਤਰੀਕਿਆਂ ਨਾਲ ਕਰ ਸਕਦੇ ਹੋ। ਜਿਵੇਂ ਤੁਸੀਂ ਇਨ੍ਹਾਂ ਨੂੰ ਰਾਤ ਭਰ ਪਾਣੀ 'ਚ ਭਿਓ ਕੇ ਸਵੇਰੇ ਖਾਲੀ ਪੇਟ ਖਾ ਸਕਦੇ ਹੋ। ਇਸ ਤੋਂ ਇਲਾਵਾ ਤੁਸੀਂ ਮਖਾਣੇ ਨੂੰ ਦੁੱਧ 'ਚ ਪਕਾ ਕੇ ਵੀ ਸੇਵਨ ਕਰ ਸਕਦੇ ਹੋ। ਤੁਸੀਂ ਮਖਾਣੇ ਤੋਂ ਭੁਜੀਆ ਵੀ ਬਣਾ ਸਕਦੇ ਹੋ।




# ਅਮਰੀਕਾ 'ਚ 'ਪੰਜਾਬੀਆਂ ਦੇ ਮੇਲੇ' ਦੀ ਪਈ ਧੂੰਮ

## ਗਾਇਕਾਂ ਨੇ ਪੁਰਾਣੇ ਗੀਤਾਂ ਰਾਹੀਂ ਦਰਸ਼ਕਾਂ ਦਾ ਕੀਤਾ ਮਨੋਰੰਜਨ

ਗੁਰਪ੍ਰੀਤ ਸਿੰਘ ਧੰਜੂ, ਸਿਆਟਲ ਵਾਸ਼ਿੰਗਟਨ : ਅਮਰੀਕਾ ਦੀ ਸਿਟੀ ਕੇਂਟ ਵਿਚ ਅੱਜ ਪੰਜਾਬੀਆਂ ਦਾ ਮੇਲਾ ਬਹੁਤ ਹੀ ਉਤਸ਼ਾਹ ਨਾਲ ਕਰਵਾਇਆ ਗਿਆ। ਇਸ ਮੇਲੇ ਵਿਚ ਪ੍ਰਸਿੱਧ ਗਾਇਕ ਰਣਜੀਤ ਤੇਜੀ, ਬਲਬੀਰ ਲੇਹਰਾ, ਗਿੱਲ ਹਰਦੀਪ, ਮਚਲਾ ਜੱਟ, ਪ੍ਰੀਤਮ ਬਰਾੜ, ਦਵਿੰਦਰ ਸਿੰਘ ਹੀਰਾ, ਦਲਬੀਰ ਸਿੰਘ, ਮਨਰੀਤ ਕੌਰ ਤੇ ਸੁਰਜੀਤ ਬੈਂਸ ਨੇ ਹਾਜ਼ਰੀ ਲਗਵਾਈ। ਪੰਜਾਬੀ ਕਲਚਰਲ ਸੁਸਾਇਟੀ ਦੇ ਪ੍ਰਧਾਨ ਹਰਦਿਆਲ ਸਿੰਘ ਚੀਮਾ ਨੇ ਸਾਰੇ ਸਪਾਂਸਰਾਂ, ਵਲੰਟੀਅਰ ਤੇ ਆਏ ਹੋਏ ਲੋਕ ਦਾ ਧੰਨਵਾਦ ਕੀਤਾ।



ਪੰਜਾਬੀ ਕਲਚਰਲ ਸੁਸਾਇਟੀ ਵੱਲੋਂ ਅੱਜ ਪੰਜਾਬੀਆਂ ਦੇ ਮੇਲੇ ਦਾ ਪ੍ਰਬੰਧ ਕੀਤਾ ਗਿਆ। ਇਹ ਮੇਲਾ ਅਮਰੀਕਾ ਦੀ ਸਿਟੀ ਕੇਂਟ ਵਿਚ ਆਯੋਜਤ ਕੀਤਾ ਗਿਆ। ਇਸ ਮੇਲੇ ਦੀ ਸ਼ੁਰੂਆਤ ਅਰਦਾਸ ਕਰ ਕੇ ਕੀਤੀ ਗਈ ਤੇ ਸਕੱਤਰ ਸਿੰਘ ਸੰਧੂ ਤੇ ਇੰਦਰਜੀਤ ਸਿੰਘ ਬੱਲੋਵਾਲ ਨੇ ਸਟੇਜ ਦਾ ਸੰਚਾਲਨ ਕੀਤਾ। ਇਸ ਮੇਲੇ ਵਿਚ ਵੱਖ-ਵੱਖ ਗਾਇਕਾਂ ਵੱਲੋਂ ਪੁਰਾਣੇ ਗੀਤਾਂ ਰਾਹੀਂ ਲੋਕਾਂ ਦਾ ਮਨੋਰੰਜਨ ਕੀਤਾ ਤੇ ਪ੍ਰਬੰਧਕਾਂ ਵੱਲੋਂ ਸਭ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਕਿਤਾਬਾਂ ਦਾ ਸਟਾਲ, ਪਰਿਵਾਰਕ ਸਹਾਇਤਾ ਸੇਵਾਵਾ ਤੇ ਲੰਗਰ ਦਾ ਖਾਸ ਪ੍ਰਬੰਧ ਵੀ ਕੀਤਾ ਗਿਆ। ਪ੍ਰਬੰਧਕਾਂ ਨੇ ਇਸ ਮੇਲੇ ਵਿਚ ਆਏ ਵੱਡੇ ਇਕੱਠ ਨੂੰ ਦੇਖ ਕਾਫੀ ਖ਼ੁਸ਼ੀ ਪ੍ਰਗਟ ਕੀਤੀ।

# ਆਸ ਕਿਰਨ ਨਸ਼ਾ ਛੁਡਾਊ ਕੇਂਦਰ ਹੁਸ਼ਿਆਰਪੁਰ ਵਿਖੇ 'ਸ਼ਬਦ ਗੁਰੂ ਸਮਾਗਮ' ਕਰਵਾਇਆ

ਚਰਨਜੀਤ ਸਿੰਘ ਸੰਘਾ : ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਹੁਸ਼ਿਆਰਪੁਰ ਜ਼ੋਨ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਅਤੇ ਸੰਸਥਾ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ 52ਵੇਂ ਸਥਾਪਨਾ ਦਿਵਸ ਨੂੰ ਸਮਰਪਿਤ 'ਸ਼ਬਦ ਗੁਰੂ ਸਮਾਗਮ' ਦਾ ਆਯੋਜਨ ਹੁਸ਼ਿਆਰਪੁਰ ਵਿਖੇ ਟਾਂਡਾ ਬਾਈਪਾਸ ਰੋਡ ਸਥਿਤ ਆਸ ਕਿਰਨ ਨਸ਼ਾ ਛੁਡਾਊ ਕੇਂਦਰ ਵਿਖੇ ਕਰਵਾਇਆ ਗਿਆ। ਇਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਭਾਈ ਅਮ੍ਰਿਤਪਾਲ ਸਿੰਘ ਢੱਪਈ, ਭਾਈ ਜਸਵੀਰ ਸਿੰਘ ਭਟੋਲੀਆਂ ਵਾਲੇ ਦੇ ਜਥਿਆਂ ਵੱਲੋਂ ਕੀਰਤਨ ਅਤੇ ਸ. ਰਸ਼ਪਾਲ ਸਿੰਘ ਬੂਰੇ ਜੱਟਾਂ, ਸ. ਹਰਵਿੰਦਰ ਸਿੰਘ ਨੰਗਲ ਈਸ਼ਰ, ਹੁਸ਼ਿਆਰਪੁਰ ਦੇ ਜ਼ੋਨ ਦੇ ਜ਼ੋਨਲ ਸਕੱਤਰ ਸ.





ਜਗਜੀਤ ਸਿੰਘ ਗਣੇਸ਼ਪੁਰ ਨੇ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ। ਸਟੇਜ ਸਕੱਤਰ ਦੀ ਭੂਮਿਕਾ ਖੇਤੀ ਮਾਹਰ ਡਾ. ਅਰਬਿੰਦ ਸਿੰਘ ਧੂਤ ਨੇ ਬਹੁਤ ਸੁਚੱਜੇ ਢੰਗ ਨਾਲ ਨਿਭਾਈ। ਇਸ ਸਮਾਗਮ ਵਿਚ ਸ. ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼?ਰੀ ਅਮ੍ਰਿਤਸਰ ਸਾਹਿਬ, ਸ. ਗੁਰਮੀਤ ਸਿੰਘ ਆਹੂਜਾ, ਨੌਜਵਾਨ ਸਮਾਜ ਸੇਵੀ ਆਯੂਸ਼ ਸ਼ਰਮਾ, ਅੰਮ੍ਰਿਤਸਰ ਨਿਵਾਸੀ ਸ. ਗੁਰਲਾਲ ਸਿੰਘ ਚੌਹਾਨ ਦੇ ਪਰਿਵਾਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸਮੇਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਡਿਪਟੀ ਚੀਫ਼ ਆਰਗੇਨਾਈਜ਼ਰ ਡਾ. ਮਨਮੋਹਣਜੀਤ ਸਿੰਘ (ਡਾਇਰੈਕਟਰ ਖੇਤੀਬਾੜੀ ਕਾਲਜ ਬੱਲੋਵਾਲ ਸੌਖੜੀ), ਪ੍ਰੋ. ਆਪਿੰਦਰ ਸਿੰਘ ਮਾਹਿਲਪੁਰੀ (ਜਨਰਲ ਸਕੱਤਰ ਸਿੱਖ ਐਜੂਕੇਸ਼ਨ ਕੌਂਸਲ ਮਾਹਿਲਪੁਰ ਅਤੇ ਸੰਯੋਜਕ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ), ਕੇਂਦਰ ਦੇ ਡਾਇਰੈਕਟਰ ਡਾ. ਜਸਵਿੰਦਰ ਸਿੰਘ ਡੋਗਰਾ, ਸਟੇਟ ਐਵਾਰਡੀ ਸ. ਬਹਾਦਰ ਸਿੰਘ ਸਿੱਧੂ, ਸ. ਰੁਪਿੰਦਰ ਸਿੰਘ ਮਾਹਿਲਪੁਰੀ, ਸ. ਰਵਿੰਦਰ ਸਿੰਘ (ਜ਼ਿਲ੍ਹਾ ਪ੍ਰਧਾਨ ਕੰਪਿਊਟਰ ਅਧਿਆਪਕ ਯੂਨੀਅਨ ਹੁਸ਼ਿਆਰਪੁਰ), ਸ. ਸੰਦੀਪ ਸਿੰਘ, ਸ. ਗੁਰਪ੍ਰੀਤ ਸਿੰਘ ਪਥਿਆਲ, ਮੈਡਮ ਕਿਰਨ, ਮੈਡਮ ਸਨਦੀਪ, ਅਮਰੀਕ ਸਿੰਘ ਕਬੀਰਪੁਰ, ਦਲਜੀਤ ਸਿੰਘ ਕੰਧਾਲਾ, ਕਮਲਜੀਤ ਸਿੰਘ ਕਬੀਰਪੁਰ, ਭੁਪਿੰਦਰ ਸਿੰਘ, ਰੋਬਿਨ ਜੋਤ ਰਾਇ, ਮਨਦੀਪ ਸਿੰਘ ਮੁਰਾਦਪੁਰ, ਜਸਪਾਲ ਸਿੰਘ ਅਤੇ ਕੇਂਦਰ ਦਾ ਸਮੂਹ ਸਟਾਫ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਜ਼ੋਨਲ ਪ੍ਰਧਾਨ ਸ. ਨਵਪ੍ਰੀਤ ਸਿੰਘ ਮੰਡਿਆਲਾ ਵੱਲੋਂ ਬਾਹਰੋਂ ਆਉਣ ਵਾਲੀਆਂ ਸ਼ਖਸੀਅਤਾਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ। ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

CJ Singh
Broker License # 24012019
206-295-5993
Cjs@realtorcjs.com
HOMESMART
ONE REALTY



Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
HomeSmart One Realty
16329 Cascadian Way
Bothell, WA 98012
Each brokerage independently owned and operated

SEATTLE TRANS LLC.
Seattle Trans Logistic LLC
Dba (STL)
Trans Logistic
Ph : 425-387-4513
Fax : 425-55-0044



Rashbeg Gill
(Owner)
Email : StlGill47@gmail.com
www.Stlfreightway.com

# ਦੇਸ਼ ਦੇ 100 ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ’ਚ ਹਰਿਆਣਾ ਦੇ 15 ਸ਼ਹਿਰ




ਪੰਜਾਬੀ ਪਹਿਚਾਣ ਬਿਊਰੋ : ਪ੍ਰਦੂਸ਼ਣ ’ਤੇ ਇਕ ਨਵੇਂ ਅਧਿਐਨ ਤੋਂ ਪਤਾ ਲੱਗਾ ਹੈ ਕਿ ਹਰਿਆਣਾ ਦੇ 24 ਸ਼ਹਿਰਾਂ ਵਿਚੋਂ 15 ਸ਼ਹਿਰ 2024 ਦੀ ਪਹਿਲੀ ਛਿਮਾਹੀ ਵਿਚ ਪੀਐੱਮ 2.5 ਦੇ ਪੱਧਰ ਦੇ ਆਧਾਰ ’ਤੇ ਭਾਰਤ ਦੇ 100 ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਵਿਚ ਸ਼ਾਮਲ ਹਨ। ਭਾਰਤ ਦੇ ਨੈਸ਼ਨਲ ਐਂਬੀਐਂਟ ਏਅਰ ਕੁਆਲਿਟੀ ਸਟੈਂਡਰਡ (ਐੱਨਏਏਕਿਊਐੱਸ) ਦੇ ਅਨੁਸਾਰ, ਪੀਐੱਮ 2.5 ਅਤੇ ਪੀਐੱਮ 10 ਦੇ ਸਾਲਾਨਾ ਪੱਧਰ ਦੀ ਸੁਰੱਖਿਅਤ ਹੱਦ ਕ੍ਰਮਵਾਰ 40 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਅਤੇ 60 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਹੈ। ਹਾਲਾਂਕਿ, ਇਹ ਹੱਦ ਵਿਸ਼ਵ ਸਿਹਤ ਸੰਗਠਨ (ਡਬਲਯੂਐੱਚਓ) ਦੇ 2021 ਦੇ ਦਿਸ਼ਾ-ਨਿਰਦੇਸ਼ਾਂ ਤੋਂ ਬਹੁਤ ਜ਼ਿਆਦਾ ਹਨ, ਜੋ ਪੀਐੱਮ 2.5 ਲਈ ਪੰਜ ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਅਤੇ ਪੀਐੱਮ 10 ਲਈ 15 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਦੀ ਸਿਫ਼ਾਰਸ਼ ਕਰਦੀਆਂ ਹਨ। ਜਨਵਰੀ ਤੋਂ ਜੂਨ ਤੱਕ ਹਵਾ ਦੀ ਗੁਣਵੱਤਾ ਅੰਕੜਿਆਂ ਤੋਂ ਪਤਾ ਲੱਗਾ ਹੈ ਕਿ ਹਰਿਆਣਾ ਦੇ ਹਰੇਕ ਸ਼ਹਿਰ ਵਿਚ ਐੱਨਏਏਕਿਊਐੱਸ ਅਤੇ ਡਬਲਯੂਐੱਚਓ ਪੀਐੱਮ10 ਦਾ ਪੱਧਰ ਮਾਪਦੰਡਾਂ ਤੋਂ ਜ਼ਿਆਦਾ ਹੈ। ਫਰੀਦਾਬਾਦ ਹਰਿਆਣਾ ਦਾ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਰਿਹਾ, ਜਿੱਥੇ ਔਸਤ ਪੀਐੱਮ 2.5 ਪੱਧਰ 103 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਰਿਹਾ, ਜੋ ਐੱਨਏਏਕਿਊਐੱਸ ਅਤੇ ਵਿਸ਼ਵ ਸਿਹਤ ਸੰਗਠਨ ਦੇ ਦਿਸ਼ਾ-ਨਿਰਦੇਸ਼ਾਂ ਤੋਂ ਬਹੁਤ ਜ਼ਿਆਦਾ ਹੈ। ਸਿਰਫ਼ ਤਿੰਨ ਸ਼ਹਿਰ – ਪਲਵਲ, ਅੰਬਾਲਾ ਅਤੇ ਮੰਡੀਖੇੜਾ – ਪੀਐੱਮ 2.5 ਦੇ ਪੱਧਰ ਨੂੰ ਐੱਨਏਏਕਿਊਐੱਸ ਹੱਦ ਤੋਂ ਹੇਠਾਂ ਰੱਖਣ ਵਿਚ ਕਾਮਯਾਬ ਰਹੇ। ਗੁਰੂਗ੍ਰਾਮ ਵਿਚ ਪੀਐੱਮ 10 ਦੀ ਤਵੱਜੋ ਸਭ ਤੋਂ ਵੱਧ 227 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਰਹੀ, ਜਦੋਂ ਕਿ ਅੰਬਾਲਾ ਵਿਚ ਇਹ ਸਭ ਤੋਂ ਘੱਟ 79 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਦਰਜ ਕੀਤੀ ਗਈ। ਸੈਂਟਰ ਫਾਰ ਐਨਰਜੀ ਐਂਡ ਕਲੀਨ ਏਅਰ (ਸੀਆਰਈਏ) ਵਿਚ ਵਿਸ਼ਲੇਸ਼ਕ ਮਨੋਜ ਕੁਮਾਰ ਨੇ ਕਿਹਾ ਕਿ ਹਰਿਆਣਾ ਦੇ ਸਾਰੇ 24 ਸ਼ਹਿਰਾਂ ਵਿਚ ਸਾਲ ਦੀ ਪਹਿਲੀ ਛਿਮਾਹੀ ਵਿਚ ਪਾਰਟੀਕੁਲੇਟ ਮੈਟਰ ਦਾ ਪੱਧਰ ਡਬਲਯੂਐੱਚਓ ਦੇ ਮਾਪਦੰਡਾਂ ਤੋਂ ਜ਼ਿਆਦਾ ਪਾਇਆ ਗਿਆ। ਹਾਲਾਂਕਿ ਹਰਿਆਣਾ ਦੇ ਕਈ ਸ਼ਹਿਰਾਂ ਵਿਚ ਹਵਾ ਗੁਣਵਤਾ ਖਰਾਬ ਹੈ ਪਰ ਸਿਰਫ ਫਰੀਦਾਬਾਦ ਹੀ ਵਰਤਮਾਨ ਵਿਚ ਰਾਸ਼ਟਰੀ ਸਵੱਛ ਹਵਾ ਪ੍ਰੋਗਰਾਮ ਦਾ ਹਿੱਸਾ ਹੈ, ਦੂਜੇ ਸ਼ਹਿਰਾਂ ਵਿਚ ਸਮੱਸਿਆ ਨਾਲ ਨਜਿੱਠਣ ਲਈ ਕਾਰਜ ਯੋਜਨਾ ਦੀ ਘਾਟ ਹੈ।

**ਪਲਾਸਟਿਕ ਦੇ ਕੂੜੇ ਦੇ ਮਾਮਲੇ ’ਚ ਭਾਰਤ ਸਭ ਤੋਂ ਅੱਗੇ-** ਨਿਊਯਾਰਕ : ਭਾਰਤ ਪਲਾਸਟਿਕ ਕੂੜਾ ਪੈਦਾ ਕਰਨ ਵਿਚ ਦੁਨੀਆ ਵਿਚ ਸਭ ਤੋਂ ਅੱਗੇ ਹੈ। ਇੱਥੇ ਹਰ ਸਾਲ ਇਕ ਕਰੋੜ ਦੋ ਲੱਖ ਟਨ ਕੂੜਾ ਪੈਦਾ ਹੁੰਦਾ ਹੈ। ਇਹ ਦੂਜੇ ਵੱਡੇ ਪ੍ਰਦੂਸ਼ਣ ਵਾਲੇ ਦੇਸ਼ਾਂ ਨਾਲੋਂ ਦੁੱਗਣੇ ਤੋਂ ਵੀ ਜ਼ਿਆਦਾ ਹੈ। ਬ੍ਰਿਟੇਨ ਦੀ ਯੂਨੀਵਰਸਿਟੀ ਆਫ ਲੀਡਜ਼ ਦੇ ਖੋਜਕਰਤਾਵਾਂ ਦੇ ਅਨੁਸਾਰ, ਵਿਸ਼ਵ ਵਿਚ ਹਰ ਸਾਲ ਪੰਜ ਕਰੋੜ 70 ਲੱਖ ਟਨ ਪਲਾਸਟਿਕ ਪ੍ਰਦੂਸ਼ਣ ਪੈਦਾ ਹੁੰਦਾ ਹੈ ਜੋ ਕਿ ਸਭ ਤੋਂ ਡੂੰਘੇ ਸਮੁੰਦਰਾਂ ਤੋਂ ਲੈ ਕੇ ਉੱਚੇ ਪਹਾੜਾਂ ਦੀਆਂ ਚੋਟੀਆਂ ਤੇ ਲੋਕਾਂ ਦੇ ਸਰੀਰਾਂ ਵਿੱਚ ਫੈਲ ਗਿਆ ਹੈ। ਇਸ ਅਧਿਐਨ ਵਿਚ ਖੁੱਲ੍ਹੇ ਵਾਤਾਵਰਨ ਵਿਚ ਸੁੱਟੇ ਜਾਣ ਵਾਲੇ ਪਲਾਸਟਿਕ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਵਿਚ ਉਹ ਪਲਾਸਟਿਕ ਦਾ ਕੂੜਾ ਸ਼ਾਮਲ ਨਹੀਂ ਹੈ ਜੋ ਲੈਂਡਫਿਲ ਵਿੱਚ ਜਾਂਦਾ ਹੈ ਜਾਂ ਸਹੀ ਢੰਗ ਨਾਲ ਸਾੜਿਆ ਜਾਂਦਾ ਹੈ।

## ਕੰਗਨਾ ਨੇ ਖੇਤੀ ਕਾਨੂੰਨਾਂ ਬਾਰੇ ਵਿਵਾਦਤ ਬਿਆਨ ’ਤੇ ਮੁਆਫ਼ੀ ਮੰਗੀ

### ਬਿਆਨ ਭਾਜਪਾ ਦੀਆਂ ਨੀਤੀਆਂ ਮੁਤਾਬਕ ਨਾ ਹੋਣ ਦਾ ਕੀਤਾ ਦਾਅਵਾ



ਪੰਜਾਬੀ ਪਹਿਚਾਣ ਬਿਊਰੋ : ਭਾਜਪਾ ਦੀ ਲੋਕ ਸਭਾ ਮੈਂਬਰ ਕੰਗਨਾ ਰਣੌਤ ਨੇ ਤਿੰਨ ਖੇਤੀ ਕਾਨੂੰਨ ਮੁੜ ਲਾਗੂ ਕਰਨ ਵਾਲੇ ਆਪਣੇ ਬਿਆਨ ਨੂੰ ਵਾਪਸ ਲੈਂਦਿਆਂ ਮੁਆਫ਼ੀ ਮੰਗੀ ਹੈ। ਕੰਗਨਾ ਨੇ ਕਿਹਾ ਕਿ ਇਹ ਉਸ ਦੇ ਨਿੱਜੀ ਵਿਚਾਰ ਸਨ ਅਤੇ ਇਹ ਪਾਰਟੀ ਦੇ ਸਟੈਂਡ ਦੀ ਨੁਮਾਇੰਦਗੀ ਨਹੀਂ ਕਰਦੇ ਸਨ। ਕੰਗਨਾ ਨੇ ‘ਐਕਸ’ ’ਤੇ ਕਿਹਾ, ‘ਮੈਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਮੈਂ ਨਾ ਸਿਰਫ ਕਲਾਕਾਰ ਹਾਂ, ਬਲਕਿ ਹੁਣ ਭਾਜਪਾ ਦੀ ਮੈਂਬਰ ਵੀ ਹਾਂ ਅਤੇ ਮੇਰੇ ਬਿਆਨ ਪਾਰਟੀਆਂ ਦੀਆਂ ਨੀਤੀਆਂ ਮੁਤਾਬਕ ਹੋਣੇ ਚਾਹੀਦੇ ਹਨ।’ ਭਾਜਪਾ ਆਗੂ ਨੇ ਕਿਹਾ ਕਿ ਵਿਵਾਦਤ ਕਾਨੂੰਨਾਂ ’ਤੇ ਆਪਣੇ ਬਿਆਨਾਂ ਨਾਲ ਉਸ ਨੇ ਕਈਆਂ ਨੂੰ ਨਿਰਾਸ਼ ਕੀਤਾ ਹੋ ਸਕਦਾ ਹੈ, ਜਿਸ ਦਾ ਉਸ ਨੂੰ ਅਫ਼ਸੋਸ ਹੈ। ਕੰਗਨਾ ਨੇ ‘ਐਕਸ’ ’ਤੇ ਵੀਡੀਓ ਵੀ ਪੋਸਟ ਕੀਤਾ ਜਿਸ ’ਚ ਉਸ ਨੇ ਕਿਹਾ, ‘ਜਦੋਂ ਖੇਤੀ ਕਾਨੂੰਨ ਪਾਸ ਹੋਏ ਸਨ ਤਾਂ ਸਾਡੇ ’ਚੋਂ ਕਈਆਂ ਨੇ ਉਨ੍ਹਾਂ ਦੀ ਹਮਾਇਤ ਕੀਤੀ ਸੀ ਪਰ ਪੂਰੀ ਸੰਵੇਦਨਸ਼ੀਲਤਾ ਅਤੇ ਹਮਦਰਦੀ ਨਾਲ ਸਾਡੇ ਮਾਣਯੋਗ ਪ੍ਰਧਾਨ ਮੰਤਰੀ ਨੇ ਉਨ੍ਹਾਂ ਕਾਨੂੰਨਾਂ ਨੂੰ ਵਾਪਸ ਲੈ ਲਿਆ ਸੀ।’ ਉਸ ਨੇ 68 ਸਕਿੰਟਾਂ ਦੀ ਕਲਿੱਪ ’ਚ ਇਹ ਵੀ ਕਿਹਾ ਕਿ ਜੇ ਉਸ ਦੇ ਬਿਆਨਾਂ ਅਤੇ ਵਿਚਾਰਾਂ ਨਾਲ ਕਿਸੇ ਨੂੰ ਨਿਰਾਸ਼ਾ ਹੋਈ ਹੈ ਤਾਂ ਉਹ ਸ਼ਬਦ ਵਾਪਸ ਲੈਂਦਿਆਂ ਮੁਆਫ਼ੀ ਮੰਗਦੀ ਹੈ।


ਲੋਕ ਸਭਾ ’ਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਕੰਗਨਾ ਰਣੌਤ ਦੇ ਖੇਤੀ ਕਾਨੂੰਨਾਂ ਬਾਰੇ ਦਿੱਤੇ ਵਿਵਾਦਤ ਬਿਆਨ ਲਈ ਭਾਜਪਾ ਦੀ ਆਲੋਚਨਾ ਕਰਦਿਆਂ ਮੰਗ ਕੀਤੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਬਾਰੇ ਸਫ਼ਾਈ ਦੇਣ ਕਿ ਉਹ ਬਿਆਨ ਦਾ ਵਿਰੋਧ ਕਰਦੇ ਹਨ ਜਾਂ ਇਹ ਕਿਸੇ ਸ਼ਰਾਰਤ ਤਹਿਤ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਖੇਤੀ ਕਾਨੂੰਨ ਲਾਗੂ ਕਰਨ ਦੀ ਕਿਸੇ ਵੀ ਕੋਸ਼ਿਸ਼ ਦਾ ‘ਇੰਡੀਆ’ ਗੱਠਜੋੜ ਵੱਲੋਂ ਤਿੱਖਾ ਵਿਰੋਧੀ ਕੀਤਾ ਜਾਵੇਗਾ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਕਿ 750 ਕਿਸਾਨਾਂ ਦੀ ਸ਼ਹੀਦੀ ਮਗਰੋਂ ਵੀ ਕਿਸਾਨ ਵਿਰੋਧੀ ਭਾਜਪਾ ਅਤੇ ਮੋਦੀ ਸਰਕਾਰ ਆਪਣੇ ਘੋਰ ਅਪਰਾਧ ਨੂੰ ਮਹਿਸੂਸ ਨਹੀਂ ਕਰਦੀ ਹੈ।

## ਟਿਫਿਨ ’ਚ ਨਾਨ-ਵੈਜ ਲਿਆਉਣ ’ਤੇ 7 ਸਾਲਾ ਵਿਦਿਆਰਥੀ ਨੂੰ ਸਕੂਲ ’ਚੋਂ ਕੱਢਿਆ

ਪੰਜਾਬੀ ਪਹਿਚਾਣ ਬਿਊਰੋ : ਉੱਤਰ ਪ੍ਰਦੇਸ਼ ਦੇ ਅਮਰੋਹਾ ਵਿਚ ਇਕ ਸਕੂਲ ਦੇ ਪ੍ਰਿੰਸੀਪਲ ਨੇ 7 ਸਾਲਾ ਵਿਦਿਆਰਥੀ ਨੂੰ ਇਸ ਲਈ ਸਕੂਲ ਵਿਚੋਂ ਕੱਢ ਦਿੱਤਾ ਕਿਉਂਕਿ ਉਹ ਟਿਫਿਨ ਵਿਚ ਮਾਸਾਹਾਰੀ ਖਾਣਾ ਲੈ ਕੇ ਆਇਆ ਸੀ। ਇਹ ਸਾਰਾ ਮਾਮਲਾ ਉਦੋਂ ਸਾਹਮਣੇ ਆਇਆ ਜਦੋਂ ਵਿਦਿਆਰਥੀ ਦੀ ਮਾਂ ਨੇ ਪ੍ਰਾਈਵੇਟ ਸਕੂਲ ਦੇ ਪ੍ਰਿੰਸੀਪਲ ਦੀ ਵੀਡੀਓ ਬਣਾ ਕੇ ਸੋਸ਼ਲ ਮੀਡੀਆ ’ਤੇ ਸ਼ੇਅਰ ਕੀਤੀ। ਵੀਡੀਓ ਵਿਚ ਮਾਂ ਅਤੇ ਪ੍ਰਿੰਸੀਪਲ ਵਿਚਾਲੇ ਝਗੜਾ ਹੁੰਦਾ ਨਜ਼ਰ ਆ ਰਿਹਾ ਹੈ। ਇਸ ਵੀਡੀਓ ਵਿਚ ਪ੍ਰਿੰਸੀਪਲ ਨੂੰ ਮਾਂ ਨੂੰ ਇਹ ਕਹਿੰਦੇ ਹੋਏ ਸੁਣਿਆ ਜਾ ਸਕਦਾ ਹੈ ਕਿ ਅਸੀਂ ਬੱਚਿਆਂ ਨੂੰ ਅਜਿਹੀ ਨੈਤਿਕਤਾ ਨਹੀਂ ਸਿਖਾਉਣਾ ਚਾਹੁੰਦੇ ਜੋ ਸਾਡੇ ਮੰਦਰਾਂ ਨੂੰ ਤੋੜ ਦੇਣਗੇ ਅਤੇ ਸਕੂਲ ਵਿਚ ਮਾਸਾਹਾਰੀ ਭੋਜਨ ਲਿਆਉਣਗੇ। ਉਸ ਨੇ ਦੋਸ਼ ਲਾਇਆ ਕਿ ਲੜਕੇ ਨੇ ਸਾਰਿਆਂ ਨੂੰ ਮਾਸਾਹਾਰੀ ਭੋਜਨ ਖੁਆਉਣ ਅਤੇ ਉਨ੍ਹਾਂ ਨੂੰ ਇਸਲਾਮ ਕਬੂਲ ਕਰਨ ਦੀ ਗੱਲ ਕੀਤੀ ਸੀ। ਪ੍ਰਿੰਸੀਪਲ ਨੇ ਦੋਸ਼ ਲਾਇਆ ਕਿ ਵਿਦਿਆਰਥੀ ਨੇ ਸਕੂਲ ਵਿਚ ਨਾਨ-ਵੈਜ ਲਿਆਉਣ ਦੀ ਗੱਲ ਮੰਨੀ, ਜਦਕਿ ਉਸ ਦੀ ਮਾਂ ਨੇ ਇਸ ਤੋਂ ਇਨਕਾਰ ਕੀਤਾ। ਮਹਿਲਾ ਨੇ ਪ੍ਰਿੰਸੀਪਲ ਦੇ ਦੋਸ਼ਾਂ ਨੂੰ ਸਿਰੇ ਤੋਂ ਨਕਾਰਦਿਆਂ ਕਿਹਾ ਕਿ ਉਸ ਦਾ 7 ਸਾਲ ਦਾ ਬੱਚਾ ਅਜਿਹਾ ਕੰਮ ਨਹੀਂ ਕਰ ਸਕਦਾ, ਜਿਸ ’ਤੇ ਪ੍ਰਿੰਸੀਪਲ ਨੇ ਕਿਹਾ ਕਿ ਬੱਚਾ ਇਹ ਸਭ ਆਪਣੇ ਮਾਤਾ-ਪਿਤਾ ਤੋਂ ਘਰ ਵਿਚ ਹੀ ਸਿੱਖਦਾ ਹੈ। ਪ੍ਰਿੰਸੀਪਲ ਨੇ ਇਹ ਵੀ ਕਿਹਾ ਕਿ ਵਿਦਿਆਰਥੀ ਦਾ ਨਾਂ ਸਕੂਲ ਦੇ ਰਜਿਸਟਰ ਤੋਂ ਹਟਾ ਦਿੱਤਾ ਗਿਆ ਹੈ ਕਿਉਂਕਿ ਹੋਰ ਵਿਦਿਆਰਥੀਆਂ ਦੇ ਮਾਪੇ ਇਸ ਤੋਂ ਨਾਖੁਸ਼ ਸਨ।



## ਬਿਸਕੁਟ ਬਣਾਉਣ ਵਾਲੀ ਮਸ਼ੀਨ ’ਚ ਫਸਣ ਕਾਰਨ 3 ਸਾਲ ਦੇ ਬੱਚੇ ਦੀ ਮੌਤ



ਪੰਜਾਬੀ ਪਹਿਚਾਣ ਬਿਊਰੋ : ਮਹਾਰਾਸ਼ਟਰ ਦੇ ਠਾਣੇ ਵਿਚ ਇਕ ਬਿਸਕੁਟ ਫੈਕਟਰੀ ਵਿਚ ਦਿਲ ਦਹਿਲਾ ਦੇਣ ਵਾਲੀ ਘਟਨਾ ਵਾਪਰੀ ਹੈ। ਬਿਸਕੁਟ ਬਣਾਉਣ ਵਾਲੀ ਮਸ਼ੀਨ ਦੀ ਬੈਲਟ ਵਿਚ ਫਸਣ ਨਾਲ ਤਿੰਨ ਸਾਲ ਦੇ ਬੱਚੇ ਦੀ ਮੌਤ ਹੋ ਗਈ। ਪੁਲਿਸ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਇਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਇਹ ਘਟਨਾ 2 ਸਤੰਬਰ ਨੂੰ ਅੰਬਰਨਾਥ ਵਿਚ ਵਾਪਰੀ ਅੰਬਰਨਾਥ ਪੁਲਿਸ ਸਟੇਸ਼ਨ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਆਯੂਸ਼ ਚੌਹਾਨ ਆਪਣੀ ਮਾਂ ਨਾਲ ਇਕ ਬਿਸਕੁਟ ਫੈਕਟਰੀ ਗਿਆ ਸੀ, ਜਿੱਥੇ ਉਸਦੀ ਮਾਂ ਟਿਫਿਨ ਡਿਲੀਵਰ ਕਰਦੀ ਹੈ। ਬੱਚੇ ਨੇ ਮਸ਼ੀਨ ਦੀ ਬੈਲਟ ਤੋਂ ਬਿਸਕੁਟ ਚੁੱਕਣ ਦੀ ਕੋਸ਼ਿਸ਼ ਕੀਤੀ ਅਤੇ ਉਸ ਵਿਚ ਫਸ ਗਿਆ। ਫੈਕਟਰੀ ਕਰਮਚਾਰੀਆਂ ਨੇ ਉਸ ਨੂੰ ਬਾਹਰ ਕੱਢਿਆ ਅਤੇ ਨਜ਼ਦੀਕੀ ਹਸਪਤਾਲ ਲੈ ਗਏ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਉਨ੍ਹਾਂ ਦੱਸਿਆ ਕਿ ਲਾਸ਼ ਦਾ ਪੋਸਟਮਾਰਟਮ ਸਰਕਾਰੀ ਹਸਪਤਾਲ ਕਰਵਾਇਆ ਗਿਆ ਅਤੇ ਅਚਨਚੇਤ ਮੌਤ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ।

## ਪੰਜਾਬ ’ਚ 600 ਬੱਸਾਂ ਦੇ ਪਰਮਿਟ ਰੱਦ



ਪੰਜਾਬੀ ਪਹਿਚਾਣ ਬਿਊਰੋ : ਪੰਜਾਬ ਵਿਚ ਟਰਾਂਸਪੋਰਟ ਵਿਭਾਗ ਨੇ ਵੱਡੀ ਕਾਰਵਾਈ ਕਰਦਿਆਂ 600 ਬੱਸਾਂ ਦੇ ਪਰਮਿਟ ਰੱਦ ਕਰ ਦਿੱਤੇ ਹਨ। ਜਾਣਕਾਰੀ ਮੁਤਾਬਕ ਇਹ ਪਰਮਿਟ ਗੈਰ-ਕਾਨੂੰਨੀ ਤਰੀਕੇ ਨਾਲ ਜਾਰੀ ਕੀਤੇ ਗਏ ਸੀ। ਇਸ ਸਬੰਧੀ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਇਸ ਵਿਚ ਕਈ ਵੱਡੇ ਟਰਾਂਸਪੋਰਟਰ ਸ਼ਾਮਲ ਹਨ। ਉਨ੍ਹਾਂ ਕੁਝ ਟਰਾਂਸਪੋਰਟਰਾਂ ਦੇ ਨਾਂ ਵੀ ਲਏ। ਉਨ੍ਹਾਂ ਇਹ ਵੀ ਕਿਹਾ ਕਿ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਸਮੇਂ ਦੌਰਾਨ ਜਾਰੀ ਕੀਤੇ ਗਏ 30 ਫੀਸਦੀ ਪਰਮਿਟ ਰੱਦ ਕਰ ਦਿੱਤੇ ਗਏ ਹਨ, ਜੋ ਕਿ ਗੈਰ-ਕਾਨੂੰਨੀ ਸੀ। ਟਰਾਂਸਪੋਰਟ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਇਹ ਕਾਰਵਾਈ ਪੂਰੀ ਜਾਂਚ ਤੋਂ ਬਾਅਦ ਕੀਤੀ ਹੈ। ਇਸ ਫੈਸਲੇ ਦਾ ਫਾਇਦਾ ਛੋਟੇ ਟਰਾਂਸਪੋਰਟਰਾਂ ਨੂੰ ਹੋਵੇਗਾ। ਉਹ ਫਿਰ ਤੋਂ ਆਪਣੀਆਂ ਬੱਸਾਂ ਚਲਾ ਸਕਣਗੇ। ਇਸ ਕਾਰਨ ਸਰਕਾਰ ਨੂੰ ਮਾਲੀਏ ਦਾ ਵੀ ਨੁਕਸਾਨ ਹੋ ਰਿਹਾ ਸੀ। ਇਸ ਫੈਸਲੇ ਤੋਂ ਸੂਬੇ ਦੇ ਲਗਭਗ ਸਾਰੇ ਟਰਾਂਸਪੋਰਟਰ ਖੁਸ਼ ਹਨ।

**ਕਾਰਵਾਈ ਅੱਗੇ ਵੀ ਰਹੇਗੀ ਜਾਰੀ-** ਗੈਰ-ਕਾਨੂੰਨੀ ਪਰਮਿਟਾਂ ਦੇ ਕਈ ਮਾਮਲੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੱਕ ਪਹੁੰਚ ਰਹੇ ਸੀ। ਅਜਿਹੇ ਵਿਚ ਸਰਕਾਰ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਹੈ। ਇਸ ਕਾਰਵਾਈ ਦਾ ਇੱਕ ਮੁੱਖ ਉਦੇਸ਼ ਵੱਡੇ ਬੱਸ ਅਪਰੇਟਰਾਂ ਦੀ ਅਜਾਰੇਦਾਰੀ ਨੂੰ ਖਤਮ ਕਰਨਾ ਅਤੇ ਟਰਾਂਸਪੋਰਟ ਸੈਕਟਰ ਵਿਚ ਬੇਨਿਯਮੀਆਂ ਨੂੰ ਰੋਕਣਾ ਹੈ। ਇਸ ਲਈ ਟੀਮਾਂ ਦਾ ਗਠਨ ਕੀਤਾ ਗਿਆ ਹੈ। ਨਾਲ ਹੀ ਅੱਗੇ ਵੀ ਕਾਰਵਾਈ ਜਾਰੀ ਰਹੇਗੀ। ਇਸ ਤੋਂ ਇਲਾਵਾ ਸਰਕਾਰੀ ਬੱਸਾਂ ਵਿੱਚ ਨਿਯਮਾਂ ਦੀ ਪਾਲਣਾ ਕੀਤੀ ਜਾਵੇ। ਤੇਲ ਚੋਰੀ ਅਤੇ ਹੋਰ ਚੀਜ਼ਾਂ ਨੂੰ ਰੋਕਣ ਲਈ ਵੀ ਕਾਰਵਾਈ ਕੀਤੀ ਜਾ ਰਹੀ ਹੈ। ਸਰਕਾਰ ਇਹ ਯਕੀਨੀ ਬਣਾਉਣ ਲਈ ਯਤਨਸ਼ੀਲ ਹੈ ਕਿ ਸੂਬੇ ਦੇ ਲੋਕਾਂ ਨੂੰ ਕਿਸੇ ਵੀ ਪੱਧਰ ’ਤੇ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ।

# ਭਾਰਤ ’ਚ 2 ਮਹੀਨਿਆਂ ’ਚ ਹੋਣਗੇ 35 ਲੱਖ ਵਿਆਹ

## 4.25 ਲੱਖ ਕਰੋੜ ਰੁਪਏ ਖਰਚ ਹੋਣ ਦੀ ਸੰਭਾਵਨਾ

ਪੰਜਾਬੀ ਪਹਿਚਾਣ ਬਿਊਰੋ : ਭਾਰਤ ਵਿਚ ਇਸ ਸਾਲ ਨਵੰਬਰ ਤੋਂ ਦਸੰਬਰ ਤੱਕ 35 ਲੱਖ ਤੋਂ ਵੱਧ ਵਿਆਹ ਹੋਣ ਦਾ ਅਨੁਮਾਨ ਹੈ। ਇਸ ਵਿਚ ਕਰੀਬ 4.25 ਲੱਖ ਕਰੋੜ ਰੁਪਏ ਖਰਚ ਹੋਣ ਦਾ ਅੰਦਾਜ਼ਾ ਹੈ। ਭਾਰਤ ਵਿਚ ਹਰ ਸਾਲ ਲਗਭਗ ਇਕ ਕਰੋੜ ਵਿਆਹ ਹੁੰਦੇ ਹਨ। ਰਿਪੋਰਟਾਂ ਮੁਤਾਬਕ ਇਹ ਸੈਕਟਰ ਭਾਰਤ ਦਾ ਚੌਥਾ ਸਭ ਤੋਂ ਵੱਡਾ ਉਦਯੋਗ ਹੈ। ਅੰਦਾਜ਼ਾ ਹੈ ਕਿ ਇਸ ਸਾਲ ਵਿਆਹਾਂ ’ਤੇ 130 ਅਰਬ ਡਾਲਰ ਖਰਚ ਹੋਣਗੇ ਅਤੇ ਕਰੋੜਾਂ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ।



**ਆਉਣ ਵਾਲੇ ਦਿਨਾਂ ’ਚ ਸੋਨੇ ਦੀ ਮੰਗ ਵਧਣ ਦੀ ਸੰਭਾਵਨਾ-** ਕਨਫੈਡਰੇਸ਼ਨ ਆਫ ਆਲ ਇੰਡੀਆ ਟਰੇਡਰਜ਼ (ਸੀਏਆਈਟੀ) ਵੱਲੋਂ ਜਾਰੀ ਸਰਵੇਖਣ ਵਿਚ ਦੱਸਿਆ ਗਿਆ ਕਿ 15 ਜਨਵਰੀ ਤੋਂ 15 ਜੁਲਾਈ 2024 ਤੱਕ ਇੰਡਸਟਰੀ ਵਿਚ 42 ਲੱਖ ਤੋਂ ਵੱਧ ਵਿਆਹ ਦੇਖਣ ਨੂੰ ਮਿਲੇ। ਇਸ ਵਿਚ ਲਗਭਗ 66.4 ਅਰਬ ਡਾਲਰ (5.5 ਲੱਖ ਕਰੋੜ ਰੁਪਏ) ਖਰਚ ਹੋਏ ਸੀ। ਪ੍ਰਭੂਦਾਸ ਲੀਲਾਧਰ ਦੀ ਤਾਜ਼ਾ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸਰਕਾਰ ਵੱਲੋਂ ਆਮ ਬਜਟ 2024-25 ਵਿਚ ਸੋਨੇ ’ਤੇ ਦਰਾਮਦ ਡਿਊਟੀ 15 ਫੀਸਦੀ ਤੋਂ ਘਟਾ ਕੇ 6 ਫੀਸਦੀ ਕਰਨ ਕਾਰਨ ਰਾਸ਼ਟਰੀ ਪੱਧਰ ’ਤੇ ਸੋਨੇ ਦੀ ਮੰਗ ਵਿਚ ਵਾਧਾ ਹੋਇਆ ਹੈ। ਆਉਣ ਵਾਲੇ ਵਿਆਹਾਂ ਦੇ ਸੀਜ਼ਨ ਵਿਚ ਇਸ ਵਿਚ ਹੋਰ ਵਾਧਾ ਹੋਣ ਦੀ ਸੰਭਾਵਨਾ ਹੈ। ਰਿਪੋਰਟ ’ਚ ਦੱਸਿਆ ਗਿਆ ਕਿ ਸੋਨੇ ਦੀ ਧਾਰਮਿਕ ਅਤੇ ਸਮਾਜਿਕ ਮਹੱਤਤਾ ਤੋਂ ਇਲਾਵਾ ਇਸ ਨੂੰ ਨਿਵੇਸ਼ ਦੇ ਚੰਗੇ ਬਦਲ ਵਜੋਂ ਦੇਖਿਆ ਜਾਂਦਾ ਹੈ। ਦਰਾਮਦ ਡਿਊਟੀ ਵਿਚ ਕਟੌਤੀ ਮੰਗ ਨੂੰ ਵੱਡਾ ਸਹਾਰਾ ਦੇਵੇਗੀ। ਰਿਪੋਰਟ ਵਿਚ ਅੱਗੇ ਕਿਹਾ ਗਿਆ ਹੈ ਕਿ ਖਪਤਕਾਰਾਂ ਦੀ ਮੰਗ ਵਧਣ ਕਾਰਨ ਤਿਉਹਾਰਾਂ ਅਤੇ ਵਿਆਹਾਂ ਦੇ ਸੀਜ਼ਨ ਦੌਰਾਨ ਸ਼ੇਅਰ ਬਾਜ਼ਾਰ ਵਿਚ ਵਾਧਾ ਹੁੰਦਾ ਹੈ।

**ਦੇਸ਼ ਦੇ ਆਰਥਿਕ ਵਿਕਾਸ ’ਤੇ ਪੈਂਦਾ ਹੈ ਸਕਾਰਾਤਮਕ ਪ੍ਰਭਾਵ-** ਮੰਗ ਵਧਣ ਦਾ ਲਾਭ ਰਿਟੇਲ, ਪ੍ਰਾਹੁਣਚਾਰੀ, ਗਹਿਣੇ ਤੇ ਆਟੋਮੋਬਾਈਲ ਸੈਕਟਰਾਂ ਨੂੰ ਮਿਲਦਾ ਹੈ। ਮੰਗ ਵਧਣ ਨਾਲ ਕੰਪਨੀਆਂ ਦਾ ਮੁਨਾਫਾ ਵੀ ਵਧੇਗਾ। ਇਸ ਨਾਲ ਖਪਤਕਾਰ ਕੰਪਨੀਆਂ ਦੇ ਸ਼ੇਅਰਾਂ ਦੀ ਕੀਮਤ ਵਧੇਗੀ ਅਤੇ ਇਸ ਦਾ ਅਸਰ ਪੂਰੇ ਦੇਸ਼ ਦੇ ਆਰਥਿਕ ਵਿਕਾਸ ’ਤੇ ਸਕਾਰਾਤਮਕ ਹੋਵੇਗਾ।

# ਲਾਲੂ ਪ੍ਰਸਾਦ ’ਤੇ ਮੁਕੱਦਮਾ ਚਲਾਉਣ ਦੀ ਮਿਲੀ ਮਨਜ਼ੂਰੀ

ਪੰਜਾਬੀ ਪਹਿਚਾਣ ਬਿਊਰੋ : ਲੈਂਡ ਫਾਰ ਜੌਬ ਘੁਟਾਲੇ ਨਾਲ ਸਬੰਧਤ ਸੀਬੀਆਈ ਮਾਮਲੇ ਵਿਚ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਲਾਲੂ ਪ੍ਰਸਾਦ ਯਾਦਵ ਖ਼ਿਲਾਫ਼ ਮੁਕੱਦਮਾ ਚਲਾਉਣ ਦੀ ਇਜਾਜ਼ਤ ਮਿਲ ਗਈ ਹੈ। ਅੱਜ ਸੀਬੀਆਈ ਨੇ ਰਾਊਜ਼ ਐਵੇਨਿਊ ਅਦਾਲਤ ਨੂੰ ਦੱਸਿਆ ਕਿ ਗ੍ਰਹਿ ਮੰਤਰਾਲੇ ਨੇ ਲਾਲੂ ਯਾਦਵ ਖ਼ਿਲਾਫ਼ ਮੁਕੱਦਮਾ ਚਲਾਉਣ ਦੀ ਇਜਾਜ਼ਤ ਦੇ ਦਿੱਤੀ ਹੈ, ਜਦਕਿ ਬਾਕੀ ਮੁਲਜ਼ਮਾਂ ਖ਼?ਲਾਫ਼ ਮੁਕੱਦਮਾ ਚਲਾਉਣ ਲਈ 15 ਦਿਨ ਹੋਰ ਲੱਗਣਗੇ। ਕੇਂਦਰੀ ਜਾਂਚ ਏਜੰਸੀ ਨੇ ਅਦਾਲਤ ਨੂੰ ਦੱਸਿਆ ਕਿ ਇਸ ਕੇਸ ਵਿਚ ਕਰੀਬ 30 ਹੋਰ ਮੁਲਜ਼ਮ ਹਨ ਜਿਨ੍ਹਾਂ ਲਈ ਮੁਕੱਦਮੇ ਦੀ ਮਨਜ਼ੂਰੀ ਦੀ ਉਡੀਕ ਹੈ ਅਤੇ ਅਦਾਲਤ ਨੂੰ ਲੋੜੀਂਦੇ ਦਸਤਾਵੇਜ਼ ਪ੍ਰਾਪਤ ਕਰਨ ਲਈ 15 ਹੋਰ ਦਿਨ ਦੇਣ ਦੀ ਬੇਨਤੀ ਕੀਤੀ ਹੈ। ਅਦਾਲਤ ਨੇ ਸੀਬੀਆਈ ਨੂੰ ਹੋਰ ਮੁਲਜ਼ਮਾਂ ਲਈ ਕਲੀਅਰੈਂਸ ਹਾਸਲ ਕਰਨ ਦੀ ਪ੍ਰਕਿਰਿਆ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ ਹਨ ਅਤੇ ਮਾਮਲੇ ਦੀ ਅਗਲੀ ਸੁਣਵਾਈ 15 ਅਕਤੂਬਰ ਨੂੰ ਤੈਅ ਕੀਤੀ ਹੈ। ਅਧਿਕਾਰੀਆਂ ਮੁਤਾਬਕ ਮਾਮਲਾ ਮੱਧ ਪ੍ਰਦੇਸ਼ ਦੇ ਜਬਲਪੁਰ ਸਥਿਤ ਰੇਲਵੇ ਦੇ



ਪੱਛਮੀ ਮੱਧ ਜ਼ੋਨ ਵਿਚ ਗਰੁੱਪ-ਡੀ ਦੀਆਂ ਨਿਯੁਕਤੀਆਂ ਨਾਲ ਸਬੰਧਤ ਹੈ। ਇਹ ਨਿਯੁਕਤੀ ਉਦੋਂ ਕੀਤੀ ਗਈ ਸੀ ਜਦੋਂ ਲਾਲੂ ਪ੍ਰਸਾਦ 2004 ਤੋਂ 2009 ਦਰਮਿਆਨ ਰੇਲ ਮੰਤਰੀ ਸਨ। ਇਨ੍ਹਾਂ ਨਿਯੁਕਤੀਆਂ ਦੇ ਬਦਲੇ, ਨਿਯੁਕਤੀਆਂ ਵਿੱਚ ਸ਼ਾਮਲ ਲੋਕਾਂ ਦੁਆਰਾ ਆਰਜੇਡੀ ਸੁਪਰੀਮੋ ਦੇ ਪਰਿਵਾਰ ਜਾਂ ਸਹਿਯੋਗੀਆਂ ਦੇ ਨਾਮ ਜ਼ਮੀਨ ਦੇ ਟੁਕੜੇ ਤੋਹਫ਼ੇ ਵਿੱਚ ਦਿੱਤੇ ਗਏ ਜਾਂ ਟ?ਰਾਂਸਫਰ ਕੀਤੇ ਗਏ। ਏਜੰਸੀ ਨੇ 18 ਮਈ, 2022 ਨੂੰ ਪ੍ਰਸਾਦ ਅਤੇ ਉਸ ਦੀ ਪਤਨੀ, ਦੋ ਧੀਆਂ, ਅਣਪਛਾਤੇ ਸਰਕਾਰੀ ਕਰਮਚਾਰੀਆਂ ਅਤੇ ਨਿੱਜੀ ਵਿਅਕਤੀਆਂ ਸਮੇਤ 15 ਹੋਰਾਂ ਵਿਰੁੱਧ ਕੇਸ ਦਰਜ ਕੀਤਾ ਸੀ। ਮੀਡੀਆ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਇਸ ਮਾਮਲੇ ਵਿਚ ਕਾਰਵਾਈ ਕੀਤੀ ਜਾ ਰਹੀ ਹੈ।

# ਸਵੇਰ ਚਾਹ ਦੀ ਆਦਤ ਖ਼ਤਰਨਾਕ ਬਿਮਾਰੀਆਂ ਨੂੰ ਦਿੰਦੀ ਹੈ ਸੱਦਾ

## ਸਰੀਰ ’ਚ ਪੈਦਾ ਹੋ ਸਕਦਾ ਕੈਂਸਰ

ਪੰਜਾਬੀ ਪਹਿਚਾਣ ਬਿਊਰੋ : ਸਾਡੇ ਦੇਸ਼ ਵਿਚ ਲੋਕਾਂ ਦੀ ਸਵੇਰ ਚਾਹ ਤੋਂ ਬਿਨਾਂ ਨਹੀਂ ਹੁੰਦੀ। ਅਸੀਂ ਸਵੇਰ ਦੀ ਸ਼ੁਰੂਆਤ ਚਾਹ ਨਾਲ ਕਰਦੇ ਹਾਂ। ਚਾਹ ਅਕਸਰ ਘਰ ਵਿਚ ਬਣਾਈ ਜਾਂਦੀ ਹੈ, ਗਰਮ ਕੀਤੀ ਜਾਂਦੀ ਹੈ ਅਤੇ ਵਾਰ-ਵਾਰ ਪੀਤੀ ਜਾਂਦੀ ਹੈ। ਪਰ ਕੀ ਤੁਸੀਂ ਸੋਚਿਆ ਹੈ ਕਿ ਇਹ ਆਦਤ ਕਿੰਨੀ ਨੁਕਸਾਨਦੇਹ ਹੋ ਸਕਦੀ ਹੈ ? ਤਾਜ਼ਾ ਖੋਜ ਅਤੇ ਮਾਹਿਰਾਂ ਦੀ ਰਾਏ ਦੇ ਅਨੁਸਾਰ, ਬਾਸੀ ਚਾਹ ਪੀਣ ਨਾਲ ਕੈਂਸਰ ਦੇ ਖ਼ਤਰੇ ਸਮੇਤ ਕਈ ਸਿਹਤ ਸਮੱਸਿਆਵਾਂ ਹੋ ਸਕਦੀਆਂ ਹਨ।

**ਬਾਸੀ ਚਾਹ ਪੀਣਾ ਨੁਕਸਾਨਦਾਇਕ-** ਬਾਸੀ ਚਾਹ ਦੇ ਕੁਝ ਹਿੱਸੇ, ਜਿਵੇਂ ਕਿ ਟੈਨਿਨ ਅਤੇ ਕੈਫੀਨ, ਜਦੋਂ ਚਾਹ ਨੂੰ ਠੰਢਾ ਕੀਤਾ ਜਾਂਦਾ ਹੈ ਅਤੇ ਲੰਬੇ ਸਮੇਂ ਲਈ ਸਟੋਰ ਕੀਤਾ ਜਾਂਦਾ ਹੈ ਤਾਂ ਆਕਸੀਡਾਈਜ਼ਡ ਹੋ ਜਾਂਦੇ ਹਨ। ਇਸ ਪ੍ਰਕਿਰਿਆ ’ਚ ਫ?ਰੀ ਰੈਡੀਕਲਸ ਪੈਦਾ ਹੁੰਦੇ ਹਨ, ਜੋ ਸਰੀਰ ਦੇ ਸੈੱਲਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ ਅਤੇ ਕੈਂਸਰ ਵਰਗੀਆਂ ਗੰਭੀਰ ਬੀਮਾਰੀਆਂ ਦਾ ਖਤਰਾ ਵਧਾ ਸਕਦੇ ਹਨ। ਹਾਲਾਂਕਿ ਇਹ ਕੋਈ ਸਿੱਧਾ ਕਾਰਨ ਨਹੀਂ ਹੈ ਪਰ ਬਾਸੀ ਚਾਹ ਦਾ ਲਗਾਤਾਰ ਸੇਵਨ ਕਰਨ ਨਾਲ ਇਹ ਖ਼ਤਰਾ ਪੈਦਾ ਹੋ ਸਕਦਾ ਹੈ।

**ਗੈਸਟਰਾਈਟਸ ਤੇ ਐਸੀਡਿਟੀ ਹੋਣ ਦੀ ਸੰਭਾਵਨਾ -** ਵਾਰ-ਵਾਰ ਗਰਮ ਕੀਤੀ ਚਾਹ



ਪੀਣਾ ਵੀ ਸਿਹਤ ਲਈ ਹਾਨੀਕਾਰਕ ਹੋ ਸਕਦਾ ਹੈ। ਜਦੋਂ ਚਾਹ ਨੂੰ ਵਾਰ-ਵਾਰ ਗਰਮ ਕੀਤਾ ਜਾਂਦਾ ਹੈ, ਤਾਂ ਇਸ ਵਿਚ ਮੌਜੂਦ ਪੋਲੀਫੇਨੌਲਜ਼ ਅਤੇ ਐਂਟੀਆਕਸੀਡੈਂਟਸ ਨਸ਼ਟ ਹੋ ਜਾਂਦੇ ਹਨ, ਜਿਸ ਨਾਲ ਸਰੀਰ ਨੂੰ ਕੋਈ ਲਾਭ ਨਹੀਂ ਹੁੰਦਾ। ਇਸ ਤੋਂ ਇਲਾਵਾ ਗਰਮ ਕਰਨ ਨਾਲ ਬੈਕਟੀਰੀਆ ਵੀ ਵਧ ਸਕਦੇ ਹਨ, ਜਿਸ ਨਾਲ ਪੇਟ ਦੀਆਂ ਬੀਮਾਰੀਆਂ ਜਿਵੇਂ ਕਿ ਗੈਸਟਰਾਈਟਸ ਅਤੇ ਐਸੀਡਿਟੀ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ।

**ਬਾਸੀ ਚਾਹ ਪੀਣ ਨਾਲ ਸਰੀਰ ਦੀ ਇਮਿਊਨਿਟੀ ’ਤੇ ਪੈਂਦਾ ਹੈ ਮਾੜਾ ਅਸਰ-** ਬਾਸੀ ਚਾਹ ਪੀਣ ਨਾਲ ਪਾਚਨ ਤੰਤਰ ਪ੍ਰਭਾਵਿਤ ਹੋ ਸਕਦਾ ਹੈ, ਜਿਸ ਨਾਲ ਗੈਸ, ਐਸੀਡਿਟੀ ਅਤੇ ਦਿਲ ਦੀ ਜਲਨ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਚਾਹ ’ਚ ਮੌਜੂਦ ਕੈਫੀਨ ਅਤੇ ਟੈਨਿਨ ਦੰਦਾਂ ਦੀ ਸਫੇਦਤਾ ਨੂੰ ਘੱਟ ਕਰ ਸਕਦੇ ਹਨ। ਵਾਰ-ਵਾਰ ਗਰਮ ਚਾਹ ਪੀਣ ਨਾਲ ਤੁਹਾਡੇ ਦੰਦਾਂ ’ਤੇ ਦਾਗ ਪੈ ਸਕਦੇ ਹਨ। ਬਾਸੀ ਚਾਹ ਪੀਣ ਨਾਲ ਸਰੀਰ ਦੀ ਇਮਿਊਨਿਟੀ ’ਤੇ ਮਾੜਾ ਅਸਰ ਪੈਂਦਾ ਹੈ, ਜਿਸ ਨਾਲ ਤੁਸੀਂ ਆਸਾਨੀ ਨਾਲ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹੋ।

**ਹਮੇਸ਼ਾ ਤਾਜ਼ਾ ਚਾਹ ਪੀਓ-** ਜੇਕਰ ਚਾਹ ਠੰਢੀ ਹੋ ਜਾਂਦੀ ਹੈ, ਤਾਂ ਇਸ ਨੂੰ ਦੁਬਾਰਾ ਗਰਮ ਕਰਨ ਦੀ ਬਜਾਏ ਤਾਜ਼ਾ ਚਾਹ ਬਣਾਉਣਾ ਬਿਹਤਰ ਹੈ। ਜੇਕਰ ਤੁਸੀਂ ਚਾਹ ਨੂੰ ਵਾਰ-ਵਾਰ ਗਰਮ ਕਰਦੇ ਹੋ, ਤਾਂ ਇਹ ਆਪਣੇ ਪੋਸ਼ਕ ਤੱਤ ਗੁਆ ਦਿੰਦੀ ਹੈ ਅਤੇ ਸਿਹਤ ਲਈ ਹਾਨੀਕਾਰਕ ਹੋ ਸਕਦੀ ਹੈ।

# ਸਰਕਾਰ ਵੱਲੋਂ ਨਵੇਂ ਨਿਰਦੇਸ਼ ਜਾਰੀ, ਪਾਲਣਾ ਨਾ ਕਰਨ ’ਤੇ ਕੱਟਿਆ ਜਾਵੇਗਾ ਰਾਸ਼ਨ ਕਾਰਡ ’ਚੋਂ ਨਾਂ

ਪੰਜਾਬੀ ਪਹਿਚਾਣ ਡੈਸਕ : ਭਾਰਤ ਸਰਕਾਰ ਦੇਸ਼ ਦੇ ਨਾਗਰਿਕਾਂ ਲਈ ਕਈ ਯੋਜਨਾਵਾਂ ਚਲਾ ਰਹੀ ਹੈ, ਜਿਸ ਦਾ ਲਾਭ ਹਰ ਵਰਗ ਖਾਸ ਕਰਕੇ ਗਰੀਬ ਵਰਗ ਨੂੰ ਮਿਲ ਰਿਹਾ ਹੈ। ਰਾਸ਼ਟਰੀ ਖੁਰਾਕ ਸੁਰੱਖਿਆ ਯੋਜਨਾ ਤਹਿਤ ਗਰੀਬ ਨਾਗਰਿਕਾਂ ਨੂੰ ਬਹੁਤ ਘੱਟ ਦਰਾਂ ’ਤੇ ਰਾਸ਼ਨ ਮੁਹੱਈਆ ਕਰਵਾਇਆ ਜਾਂਦਾ ਹੈ। ਇਸ ਸਕੀਮ ਦਾ ਲਾਭ ਲੈਣ ਲਈ ਰਾਸ਼ਨ ਕਾਰਡ ਹੋਣਾ ਲਾਜ਼ਮੀ ਹੈ। ਹਾਲਾਂਕਿ ਸਰਕਾਰ ਨੇ ਰਾਸ਼ਨ ਕਾਰਡ ਧਾਰਕਾਂ ਲਈ ਨਵੇਂ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਇਸ ਦੇ ਮੁਤਾਬਕ 1 ਨਵੰਬਰ ਤੋਂ ਰਾਸ਼ਨ ਲੈਣ ਦੀ ਪ੍ਰਕਿਰਿਆ ’ਚ ਬਦਲਾਅ ਕੀਤੇ ਜਾਣਗੇ ਅਤੇ ਜੇਕਰ ਕੁਝ ਲੋਕ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਨਹੀਂ ਕਰਦੇ ਤਾਂ ਰਾਸ਼ਨ ਮਿਲਣਾ ਬੰਦ ਹੋ ਸਕਦਾ ਹੈ।



**ਰਾਸ਼ਨ ਕਾਰਡ ਧਾਰਕਾਂ ਲਈ ਈ-ਕੇਵਾਈਸੀ ਲਾਜ਼ਮੀ-** ਜਾਣਕਾਰੀ ਮੁਤਾਬਕ ਰਾਸ਼ਟਰੀ ਖੁਰਾਕ ਸੁਰੱਖਿਆ ਯੋਜਨਾ ਤਹਿਤ ਸਾਰੇ ਰਾਸ਼ਨ ਕਾਰਡ ਧਾਰਕਾਂ ਲਈ ਈ-ਕੇਵਾਈਸੀ ਲਾਜ਼ਮੀ ਹੈ। ਇਸ ਸਬੰਧੀ ਸੂਚਨਾ ਖੁਰਾਕ ਅਤੇ ਜਨਤਕ ਮਾਮਲਿਆਂ ਦੇ ਮੰਤਰਾਲੇ ਵੱਲੋਂ ਪਹਿਲਾਂ ਹੀ ਜਾਰੀ ਕਰ ਦਿੱਤੀ ਗਈ ਸੀ। ਪਰ ਇਸ ਦੇ ਬਾਵਜੂਦ ਅਜੇ ਵੀ ਬਹੁਤ ਸਾਰੇ ਰਾਸ਼ਨ ਕਾਰਡ ਧਾਰਕ ਹਨ। ਜਿਨ੍ਹਾਂ ਨੇ ਈ-ਕੇਵਾਈਸੀ ਪ੍ਰਕਿਰਿਆ ਪੂਰੀ ਨਹੀਂ ਕੀਤੀ ਹੈ। ਵਿਭਾਗ ਵੱਲੋਂ ਦਿੱਤੀ ਗਈ ਜਾਣਕਾਰੀ ਮੁਤਾਬਕ ਈ-ਕੇਵਾਈਸੀ ਲਈ 31 ਅਕਤੂਬਰ ਦੀ ਤਰੀਕ ਤੈਅ ਕੀਤੀ ਗਈ ਹੈ। ਯਾਨੀ ਜੇਕਰ ਕੋਈ ਰਾਸ਼ਨ ਕਾਰਡ ਧਾਰਕ 31 ਅਕਤੂਬਰ ਤੱਕ ਵੀ ਈ-ਕੇਵਾਈਸੀ ਪ੍ਰਕਿਰਿਆ ਪੂਰੀ ਨਹੀਂ ਕਰਦਾ ਹੈ ਤਾਂ ਉਸ ਨੂੰ ਅਗਲੇ ਮਹੀਨੇ ਰਾਸ਼ਨ ਨਹੀਂ ਮਿਲੇਗਾ। ਦਰਅਸਲ, ਰਾਸ਼ਨ ਕਾਰਡ ਧਾਰਕਾਂ ਦੇ ਨਾਮ ਵੀ ਰਾਸ਼ਨ ਕਾਰਡ ਤੋਂ ਹਟਾ ਦਿੱਤੇ ਜਾਣਗੇ। ਨਾਲ ਹੀ, ਬਿਨਾਂ ਈ-ਕੇਵਾਈਸੀ ਵਾਲੇ ਰਾਸ਼ਨ ਕਾਰਡ ਰੱਦ ਕਰ ਦਿੱਤੇ ਜਾਣਗੇ।

**ਕੀ ਹੈ ਈ-ਕੇਵਾਈਸੀ-** ਰਾਸ਼ਨ ਕਾਰਡ ਈ-ਕੇਵਾਈਸੀ ਨੂੰ ਲੈ ਕੇ ਲੋਕਾਂ ਦੇ ਮਨਾਂ ਵਿਚ ਸਵਾਲ ਉੱਠ ਰਹੇ ਹਨ। ਸਰਕਾਰ ਈ-ਕੇਵਾਈਸੀ ਕਿਉਂ ਕਰ ਰਹੀ ਹੈ ? ਦਰਅਸਲ, ਅਜੇ ਵੀ ਕਈ ਅਜਿਹੇ ਲੋਕਾਂ ਦੇ ਨਾਮ ਰਾਸ਼ਨ ਕਾਰਡਾਂ ਵਿਚ ਦਰਜ ਹਨ ਜਿਹੜੇ ਲੋਕ ਰਾਸ਼ਨ ਕਾਰਡ ’ਤੇ ਮੁਫ਼ਤ ਰਾਸ਼ਨ ਲੈਣ ਦੀ ਸਕੀਮ ਲਈ ਯੋਗ ਨਹੀਂ ਹਨ। ਇਨ੍ਹਾਂ ਵਿੱਚੋਂ ਬਹੁਤ ਸਾਰੇ ਲੋਕ ਅਜਿਹੇ ਹਨ ਜੋ ਹੁਣ ਇਸ ਦੁਨੀਆ ਵਿਚ ਨਹੀਂ ਰਹੇ। ਜਿਨ੍ਹਾਂ ਦੀ ਮੌਤ ਹੋ ਚੁੱਕੀ ਹੈ ਪਰ ਅਜੇ ਤੱਕ ਉਨ੍ਹਾਂ ਦੇ ਨਾਂ ਰਾਸ਼ਨ ਕਾਰਡ ਤੋਂ ਨਹੀਂ ਹਟਾਏ ਗਏ ਹਨ। ਹੁਣ ਸਾਰੇ ਰਾਸ਼ਨ ਕਾਰਡ ਧਾਰਕ ਯਾਨੀ ਉਹ ਸਾਰੇ ਲੋਕ ਜਿਨ੍ਹਾਂ ਦਾ ਨਾਮ ਇਕ ਪਰਿਵਾਰ ਦੇ ਰਾਸ਼ਨ ਕਾਰਡ ਵਿਚ ਦਰਜ ਹੈ। ਇਨ੍ਹਾਂ ਸਾਰਿਆਂ ਨੂੰ ਈ-ਕੇਵਾਈਸੀ ਪ੍ਰਕਿਰਿਆ ਨੂੰ ਪੂਰਾ ਕਰਨਾ ਹੋਵੇਗਾ। ਇਸ ਦੇ ਲਈ ਉਹ ਆਪਣੇ ਨਜ਼ਦੀਕੀ ਖੁਰਾਕ ਸਪਲਾਈ ਵਿਭਾਗ ਦੇ ਦਫ਼ਤਰ ਜਾ ਸਕਦੇ ਹਨ।



# ਜ਼ਹਿਰੀਲਾ ਦੁੱਧ ਪੀਣ ਨਾਲ 13 ਜਣਿਆਂ ਦੀ ਮੌਤ

ਪੰਜਾਬੀ ਪਹਿਚਾਣ ਬਿਊਰੋ : ਪਾਕਿਸਤਾਨ ਦੇ ਸਿੰਧ ਸੂਬੇ ਵਿਚ ਜ਼ਹਿਰੀਲਾ ਦੁੱਧ ਪੀਣ ਨਾਲ ਇਕੋ ਪਰਿਵਾਰ ਦੇ 13 ਮੈਂਬਰਾਂ ਦੀ ਮੌਤ ਹੋ ਗਈ। ਪੁਲਿਸ ਨੇ 13 ਸਤੰਬਰ ਨੂੰ ਦੱਸਿਆ ਕਿ ਇਹ ਘਟਨਾ 19 ਅਗਸਤ ਨੂੰ ਖੈਰਪੁਰ ਨੇੜੇ ਹੈਬਤ ਖਾਨ ਬਰੋਹੀ ਪਿੰਡ ਵਿਚ ਵਾਪਰੀ ਸੀ। ਮ੍ਰਿਤਕਾਂ ਦੀ ਪਛਾਣ ਗੁਲ ਬੇਗ ਬਰੋਹੀ, ਉਸ ਦੀ ਪਤਨੀ, ਪੰਜ ਪੁੱਤਰ, ਤਿੰਨ ਧੀਆਂ ਅਤੇ ਤਿੰਨ ਹੋਰ ਰਿਸ਼ਤੇਦਾਰਾਂ ਵਜੋਂ ਹੋਈ ਹੈ। ਪੁਲਿਸ ਨੇ ਦੱਸਿਆ ਕਿ ਕੁਝ ਨਜ਼ਦੀਕੀ ਰਿਸ਼ਤੇਦਾਰਾਂ ਨੇ ਸ਼ੱਕ ਜਤਾਇਆ ਹੈ ਕਿ ਪੀੜਤ ਪਰਿਵਾਰ ਦੇ ਮੁਖੀ ਦਾ ਕੁਝ ਲੋਕਾਂ ਨਾਲ ਜ਼ਮੀਨੀ ਵਿਵਾਦ ਹੋਣ ਕਾਰਨ ਪੀੜਤਾਂ ਨੂੰ ਜ਼ਹਿਰ ਦਿੱਤਾ ਗਿਆ ਹੋ ਸਕਦਾ ਹੈ। ਪੁਲਿਸ ਨੇ ਕਿਹਾ ਕਿ ਕੀਤੇ ਗਏ ਟੈਸਟਾਂ ਤੋਂ ਪਤਾ ਲੱਗਾ ਹੈ ਕਿ ਪਰਿਵਾਰ ਦੇ ਮੈਂਬਰਾਂ ਨੇ ਜਿਸ ਦਿਨ ਉਨ੍ਹਾਂ ਦੀ ਮੌਤ ਹੋਈ ਉਸ ਦਿਨ ਜੋ ਦੁੱਧ ਪੀਤਾ ਸੀ, ਉਸ ਵਿਚ ਜ਼ਹਿਰੀਲੇ ਪਦਾਰਥ ਸਨ। ਉਨ੍ਹਾਂ ਦੱਸਿਆ ਕਿ ਰਿਪੋਰਟ ਵਿੱਚ ਮ੍ਰਿਤਕ ਦੇ ਸਰੀਰ ਵਿਚ ਜ਼ਹਿਰੀਲੇ ਪਦਾਰਥ ਦੀ ਮੌਜੂਦਗੀ ਦੀ ਵੀ ਪੁਸ਼ਟੀ ਹੋਈ ਹੈ।

# ਭਾਰੀ ਬਾਰਿਸ਼ ਕਾਰਨ ਤਾਜ ਮਹਿਲ ਦੇ ਗੁੰਬਦਾਂ ’ਚੋਂ ਟਪਕਣ ਲੱਗਾ ਪਾਣੀ

ਪੰਜਾਬੀ ਪਹਿਚਾਣ ਬਿਊਰੋ : ਦੇਸ਼ ਭਰ ਵਿਚ ਭਾਰੀ ਬਾਰਿਸ਼ ਨੂੰ ਲੈ ਕੇ ਅਲਰਟ ਜਾਰੀ ਕੀਤਾ ਗਿਆ ਹੈ। ਇਸ ਦੇ ਨਾਲ ਹੀ ਆਗਰਾ ਵਿਚ ਇਕ ਹੈਰਾਨ ਕਰਨ ਵਾਲੀ ਖਬਰ ਸਾਹਮਣੇ ਆਈ। ਹਾਲ ਹੀ ਵਿਚ ਤਾਜ ਮਹਿਲ ਦੇ ਗੁੰਬਦ ’ਚੋਂ ਪਾਣੀ ਟਪਕਣ ਦੀ ਘਟਨਾ ਸਾਹਮਣੇ ਆਈ ਹੈ, ਜਿਸ ਕਾਰਨ ਬਾਗ ਵਿਚ 2 ਤੋਂ 3 ਫੁੱਟ ਤੱਕ ਪਾਣੀ ਭਰ ਗਿਆ। ਭਾਰਤੀ ਪੁਰਾਤੱਤਵ ਸਰਵੇਖਣ (ਏਐੱਸਆਈ) ਨੇ ਇਸ ਸਥਿਤੀ ਨੂੰ ਗੰਭੀਰਤਾ ਨਾਲ ਲਿਆ ਹੈ ਅਤੇ ਤੁਰੰਤ ਕਾਰਵਾਈ ਕੀਤੀ ਜਾ ਰਹੀ ਹੈ। ਇਹ ਘਟਨਾ ਖਾਸ ਕਰਕੇ ਮਾਨਸੂਨ ਦੌਰਾਨ ਵਾਪਰੀ ਹੈ, ਜੋ ਤਾਜ ਮਹਿਲ ਦੀ ਬਣਤਰ ਅਤੇ ਸੰਭਾਲ ਲਈ ਚਿੰਤਾ ਦਾ ਵਿਸ਼ਾ ਬਣ ਗਈ ਹੈ। ਏਐੱਸਆਈ ਨੇ ਪਾਣੀ ਦੇ ਲੀਕ ਹੋਣ ਦੇ ਕਾਰਨਾਂ ਦੀ ਜਾਂਚ ਸ਼ੁਰੂ ਕੀਤੀ ਹੈ ਅਤੇ ਲੋੜੀਂਦੀ ਮੁਰੰਮਤ ਲਈ ਉਪਾਅ ਕੀਤੇ ਜਾ ਰਹੇ ਹਨ।

**ਇਮਾਰਤ ਨੂੰ ਪੁੱਜਾ ਕਾਫੀ ਨੁਕਸਾਨ -** ਇਕ ਰਿਪੋਰਟ ਮੁਤਾਬਕ 48 ਘੰਟੇ ਲਗਾਤਾਰ ਹੋਈ ਬਾਰਿਸ਼ ਕਾਰਨ ਤਾਜ ਮਹਿਲ ਦੀ ਇਮਾਰਤ ਨੂੰ ਕਾਫੀ ਨੁਕਸਾਨ ਹੋਇਆ। ਭਾਰਤੀ ਪੁਰਾਤੱਤਵ ਸਰਵੇਖਣ (ਏਐੱਸਆਈ) ਦੇ ਅਧਿਕਾਰੀ ਰਾਜਕੁਮਾਰ ਪਟੇਲ ਨੇ ਕਿਹਾ ਕਿ ਮੁੱਖ ਗੁੰਬਦ ਵਿਚੋਂ ਪਾਣੀ ਟਪਕ ਰਿਹਾ ਹੈ, ਪਰ ਇਹ ਪਤਾ ਲਗਾਇਆ ਜਾ ਰਿਹਾ ਹੈ ਕਿ ਪਾਣੀ ਕਿੱਥੋਂ ਲੀਕ ਹੋ ਰਿਹਾ ਹੈ। ਗੁੰਬਦ ਦੇ ਪੱਥਰਾਂ ਵਿਚ ਬਾਰੀਕ ਤਰੇੜਾਂ ਹੋ ਸਕਦੀਆਂ ਹਨ, ਜਿਨ੍ਹਾਂ ਵਿਚੋਂ ਪਾਣੀ ਵਹਿ ਰਿਹਾ ਹੈ। ਮੁੱਖ ਮਕਬਰੇ ਦੇ ਸਾਹਮਣੇ ਵਾਲੇ ਬਗੀਚੇ ਵਿਚ ਪਾਣੀ ਭਰਨ ਦੀ ਇਕ ਵੀਡੀਓ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਰਹੀ ਹੈ।



ਤਾਜ ਮਹਿਲ ਦੇ ਗੁੰਬਦਾਂ ਤੋਂ ਪਾਣੀ ਰਿਸਣ ਕਾਰਨ ਇਹ ਪਾਣੀ ਸ਼ਾਹਜਹਾਂ ਅਤੇ ਮੁਮਤਾਜ਼ ਦੇ ਮਕਬਰਿਆਂ ਤੱਕ ਪਹੁੰਚ ਗਿਆ। ਇਸ ਤੋਂ ਇਲਾਵਾ ਤਾਜ ਮਹਿਲ ਦੇ ਬਗੀਚੇ ਵੀ ਮੀਂਹ ਦੇ ਪਾਣੀ ਵਿਚ ਡੁੱਬ ਗਏ, ਜਿਸ ਕਾਰਨ ਪੂਰੇ ਕੰਪਲੈਕਸ ਵਿਚ 2 ਤੋਂ 3 ਫੁੱਟ ਤੱਕ ਪਾਣੀ ਖੜ੍ਹਾ ਹੋ ਗਿਆ ਸੀ।

# ਏਸ਼ਿਆਈ ਅਮਰੀਕੀ ਵੋਟਰਾਂ ਨੇ ਹੈਰਿਸ 'ਤੇ ਦਿਖਾਇਆ ਭਰੋਸਾ

ਪੰਜਾਬੀ ਪਹਿਚਾਣ ਬਿਊਰੋ : ਏਸ਼ਿਆਈ ਅਮਰੀਕੀ ਵੋਟਰਾਂ ਨੇ ਅਮਰੀਕਾ ਵਿੱਚ ਨਵੰਬਰ ਮਹੀਨੇ ਹੋਣ ਵਾਲੀ ਰਾਸ਼ਟਰਪਤੀ ਚੋਣ ਵਿੱਚ ਡੈਮੋਕਰੈਟਿਕ ਪਾਰਟੀ ਦੀ ਉਮੀਦਵਾਰ ਕਮਲਾ ਹੈਰਿਸ 'ਤੇ ਵੱਧ ਭਰੋਸਾ ਦਿਖਾਇਆ ਹੈ। ਨਵੇਂ ਸਰਵੇਖਣ ਵਿੱਚ ਇਹ ਦਾਅਵਾ ਕੀਤਾ ਗਿਆ ਹੈ। ਐੱਨਓਆਰਸੀ ਨੇ ਸ਼ਿਕਾਗੋ ਯੂਨੀਵਰਸਿਟੀ ਵਿੱਚ ਇਹ ਸਰਵੇਖਣ ਕਰਵਾਇਆ ਗਿਆ ਹੈ ਜਿਸ ਦੇ ਨਤੀਜੇ ਮੰਗਲਵਾਰ ਨੂੰ ਜਾਰੀ ਕੀਤੇ ਗਏ। ਇਸ ਸਰਵੇਖਣ ਮੁਤਾਬਕ ਕਮਲਾ ਹੈਰਿਸ ਆਪਣੇ ਵਿਰੋਧੀ ਤੇ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਤੋਂ 38 ਅੰਕਾਂ ਨਾਲ ਅੱਗੇ ਹਨ। ਸਰਵੇਖਣ ਮੁਤਾਬਕ ਏਸ਼ਿਆਈ ਅਮਰੀਕੀ ਵੋਟਰਾਂ ਦਰਮਿਆਨ ਕਮਲਾ ਹੈਰਿਸ (59) ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ (78) ਤੋਂ 38 ਫੀਸਦੀ ਅੰਕਾਂ ਨਾਲ ਅੱਗੇ ਹਨ। ਅਮਰੀਕਾ ਵਿੱਚ ਨਵੰਬਰ ਮਹੀਨੇ ਹੋਣ ਵਾਲੀ ਰਾਸ਼ਟਰਪਤੀ ਚੋਣ ਵਿੱਚ 66 ਫੀਸਦੀ ਏਸ਼ਿਆਈ ਅਮਰੀਕੀ ਵੋਟਰ ਕਮਲਾ ਹੈਰਿਸ ਦੇ ਪੱਖ ਵਿੱਚ, ਜਦਕਿ 28 ਫੀਸਦੀ ਟਰੰਪ ਦੇ ਸਮਰਥਨ ਵਿੱਚ ਵੋਟ ਪਾ ਸਕਦੇ ਹਨ।



Tracy ,California
ਵਿਖੇ 'ਪੰਜਾਬੀ ਪਹਿਚਾਣ' ਅਖਬਾਰ
ਅਤੇ ਲਾਈਵ ਪੰਜਾਬੀ ਟੀ.ਵੀ.
ਉੱਤੇ ਕਵਰੇਜ਼ ਕਰਵਾਉਣ ਅਤੇ
ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
Jatinder Singh Khinda
Contact :
(347) 644-2805






OPEN NOW
Wednesday to Monday
Tuesday closed

'ਪੰਜਾਬੀ ਪਹਿਚਾਣ' ਦੇ ਇਸ ਇਸ਼ਤਿਹਾਰ ਨਾਲ ਮਿਲੇਗਾ 10% ਦਾ ਕੂਪਨ। ਆਫਰ 1 ਸਤੰਬਰ ਤੋਂ 15 ਸਤੰਬਰ ਤੱਕ

BIGFOOTÓS DEN SEDRO WOOLLEY ਵਾਸ਼ਿੰਗਟਨ ਦੀ ਅਜਿਹੀ ਥਾਂ ਜਿੱਥੇ ਖਾਣੇ ਦੇ ਨਾਲ-ਨਾਲ ਯਾਦਾਂ ਬਣਦੀਆਂ ਨੇ DINING . DRINKS . GAMES . LIVE MUSIC ਦੇ ਨਾਲ-ਨਾਲ ਹਰ Event ਨੂੰ ਬਣਾਓ ਯਾਦਗਾਰ
TAKE OUT - DINING ਜਾਂ ONLINE BOOKING ਲਈ ਹਮੇਸ਼ਾ ਯਾਦ ਰੱਖੋ

Bigfoot's Den
Sedro-Woolley, WA



COUPON
ਪੰਜਾਬੀ ਪਹਿਚਾਣ
GIFT VOUCHER
10% OFF
1-30 SEPTEMBER 2024
Bigfoot's Den

ਅਸੀਂ ਖਾਣਾ ਨਹੀਂ ਪਿਆਰ ਪਰੋਸਦੇ ਹਾਂ

Café | Pub | Arcade | Live Music | Karaoke | Pool | Darts

829-Metcalf Street, Sedro Woolley, Washington, Call- 360-399-7737

HUMBLE SANDHU SERVICES
253-338-9487 or 253-693-8727

25748 101 Ave SE
Kent WA 98030
Walk INS

315 39th Ave SW
Puyallup WA 98373

125 E King Tut Rd
Lynden WA 98264

NOTARY PUBLIC

by appointment only "We help you help yourself"
Tax Filling Personal & Business
☛ Payroll/ Book Keeping ☛ All Kind of Buisness Lincenses
☛ health Insurance ☛ Passports Renew or New (USA/ Indian)
☛ Indian Visa/ OCI/ Surrender Indian Passport
☛ Help with Immigration Forms
☛ Work Permit/Greed Card/ Citizenship/Sponsor ship
☛ In Home Care Guidance ☛ DSHS Paperwork
☛ Savings Plans/Disability Plans




MOTHER INDIA CUISINE
Ram +1 (206) 606-3938
1515 Westlake Ave N, Seattle, WA 98109

# 70 ਸਾਲ ਤੋਂ ਪਾਰ ਬਜ਼ੁਰਗਾਂ ਲਈ ਅਕਤੂਬਰ ਤੋਂ ਸ਼ੁਰੂ ਹੋਣਗੀਆਂ ਸਿਹਤ ਸੇਵਾਵਾਂ

## ਪ੍ਰਧਾਨ ਮੰਤਰੀ ਮੋਦੀ ਕਰਨਗੇ ਦੋਵਾਂ ਆਯੁਸ਼ਮਾਨ ਯੋਜਨਾਵਾਂ ਦਾ ਉਦਘਾਟਨ

ਪੰਜਾਬੀ ਪਹਿਚਾਣ ਬਿਊਰੋ : ਕੇਂਦਰੀ ਸਿਹਤ ਮੰਤਰਾਲੇ ਨੇ ਆਗਾਮੀ ਅਕਤੂਬਰ ਵਿਚ ਦੋ ਮਹੱਤਵਪੂਰਨ ਪ੍ਰਾਜੈਕਟ ਲਾਂਚ ਕਰਨ ਦੀ ਤਿਆਰੀ ਕੀਤੀ ਹੈ। ਇਹਨਾਂ ਵਿਚੋਂ ਇਕ ਯੂ-ਵਿਨ ਪੋਰਟਲ ਹੈ, ਜਿਸਦਾ ਉਦੇਸ਼ ਟੀਕਾਕਰਨ ਸੇਵਾਵਾਂ ਨੂੰ ਪੂਰੀ ਤਰ੍ਹਾਂ ਡਿਜੀਟਲ ਬਣਾਉਣਾ ਹੈ। ਹਾਲ ਹੀ ਵਿਚ, ਕੇਂਦਰੀ ਮੰਤਰੀ ਮੰਡਲ ਨੇ 70 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਸਾਰੇ ਬਜ਼ੁਰਗਾਂ ਨੂੰ ਆਯੁਸ਼ਮਾਨ ਯੋਜਨਾ ਵਿਚ ਸ਼ਾਮਲ ਕਰਨ ਦਾ ਫੈਸਲਾ ਕੀਤਾ ਹੈ, ਜਿਸ ਦੀਆਂ ਤਿਆਰੀਆਂ ਪੂਰੀਆਂ ਕਰ ਲਈਆਂ ਗਈਆਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਨ੍ਹਾਂ ਦੋਵਾਂ ਪ੍ਰਾਜੈਕਟਾਂ ਦਾ ਉਦਘਾਟਨ ਕਰਨਗੇ। ਕੇਂਦਰੀ ਸਿਹਤ ਮੰਤਰੀ ਜੇਪੀ ਨੱਡਾ ਨੇ ਕਿਹਾ ਕਿ ਆਯੁਸ਼ਮਾਨ ਯੋਜਨਾ ਬਜ਼ੁਰਗਾਂ ਨੂੰ ਸਿਹਤ ਸੇਵਾਵਾਂ ਪ੍ਰਦਾਨ ਕਰੇਗੀ, ਜਦਕਿ ਯੂ-ਵਿਨ ਪੋਰਟਲ ਬੱਚਿਆਂ ਦੇ ਟੀਕਾਕਰਨ ਲਈ ਸਥਾਈ ਡਿਜੀਟਲ ਰਿਕਾਰਡ ਬਣਾਏਗਾ। 17 ਸਾਲ ਤੱਕ ਦੇ ਬੱਚਿਆਂ ਨੂੰ



ਲਗਭਗ 11 ਟੀਕੇ ਲਗਾਏ ਜਾਣਗੇ ਅਤੇ ਮਾਵਾਂ ਲਈ ਵੀ 3 ਟੀਕਾਕਰਨ ਦੀ ਵਿਵਸਥਾ ਹੋਵੇਗੀ।

**ਬੱਚਿਆਂ ਨੂੰ 12 ਬਿਮਾਰੀਆਂ ਤੋਂ ਬਚਾਉਣ ਲਈ ਲੱਗਣਗੇ 27 ਟੀਕੇ-ਯੂ-**ਵਿਨ ਪੋਰਟਲ ਰਾਹੀਂ ਬੱਚਿਆਂ ਨੂੰ 12 ਬਿਮਾਰੀਆਂ ਤੋਂ ਬਚਾਉਣ ਲਈ 27 ਡੋਜ਼ ਦਾ ਟੀਕਾਕਰਨ ਕੀਤਾ ਜਾਵੇਗਾ। ਇਹ ਪੋਰਟਲ ਗਰਭਵਤੀ ਔਰਤਾਂ ਦੇ ਟੀਕਾਕਰਨ ਦੀ ਜਾਣਕਾਰੀ ਨੂੰ ਵੀ ਟਰੈਕ ਕਰੇਗਾ ਅਤੇ 11 ਖੇਤਰੀ ਭਾਸ਼ਾਵਾਂ ਵਿਚ ਉਪਲਬਧ ਹੋਵੇਗਾ। ਇਸ ਵਿਚ ਇਕ ਆਟੋਮੈਟਿਕ ਐੱਸਐੱਮਐੱਸ ਅਲਰਟ ਸਿਸਟਮ ਵੀ ਹੋਵੇਗਾ, ਜੋ ਰਜਿਸਟਰਡ ਮੋਬਾਈਲ ਨੰਬਰ ’ਤੇ ਟੀਕਾਕਰਨ ਸਬੰਧੀ ਜਾਣਕਾਰੀ ਭੇਜੇਗਾ। ਉਦਾਹਰਨ ਲਈ, ਜੇਕਰ ਬੱਚੇ ਨੂੰ ਪਹਿਲੇ ਮਹੀਨੇ ਟੀਕਾਕਰਨ ਦੀ ਲੋੜ ਹੈ, ਤਾਂ ਤੁਰੰਤ ਇਕ ਐੱਸਐੱਮਐੱਸ ਪ੍ਰਾਪਤ ਹੋਵੇਗਾ। ਇਸ ਪ੍ਰਣਾਲੀ ਤਹਿਤ ਦੇਸ਼ ਦੇ ਕਿਸੇ ਵੀ ਹਿੱਸੇ ਵਿਚ ਟੀਕਾਕਰਨ ਕਰਵਾਉਣ ਦੀ ਸਹੂਲਤ ਉਪਲਬਧ ਹੋਵੇਗੀ। ਸਵੈ-ਰਜਿਸਟ ?ਰੇਸ਼ਨ ਦਾ ਬਦਲ ਵੀ ਹੋਵੇਗਾ, ਜਿਸ ਰਾਹੀਂ ਲੋਕ ਆਪਣੇ ਆਪ ਨੂੰ ਰਜਿਸਟਰ ਕਰ ਸਕਣਗੇ। ਇਸ ਤੋਂ ਇਲਾਵਾ ਆਸ਼ਾ ਵਰਕਰਾਂ ਰਜਿਸਟ ?ਰੇਸ਼ਨ ਪ੍ਰਕਿਰਿਆ ਵਿਚ ਵੀ ਮਦਦ ਕਰਨਗੀਆਂ। ਸਾਰੇ ਵੈਕਸੀਨੇਸ਼ਨ ਲਈ ਇਕ ਯੂਨੀਵਰਸਲ ਕਿਊਆਰ ਕੋਡ ਅਧਾਰਤ ਸਰਟੀਫਿਕੇਟ ਪ੍ਰਦਾਨ ਕੀਤਾ ਜਾਵੇਗਾ।

**ਦੇਸ਼ ਦੀ ਸਿਹਤ ਵਿਵਸਥਾ ਨੂੰ ਮਜ਼ਬੂਤ ਕਰਨ ’ਚ ਮਿਲੇਗੀ ਮਦਦ** -ਭਾਰਤ ਨੇ ਕੋਵਿਡ ਮਹਾਮਾਰੀ ਦੌਰਾਨ ਯੂ-ਵਿਨ ਰਾਹੀਂ ਦੁਨੀਆ ਦੀ ਸਭ ਤੋਂ ਸਫਲ ਟੀਕਾਕਰਨ ਮੁਹਿੰਮ ਚਲਾਈ ਅਤੇ ਹੁਣ ਇਹੀ ਮਾਡਲ ਦੀ ਵਰਤੋਂ ਬੱਚਿਆਂ ਨੂੰ ਟੀਕਾਕਰਨ ਕਰਨ ਲਈ ਕੀਤੀ ਜਾਵੇਗੀ। ਇਸ ਮਕਸਦ ਲਈ ਇਕ ਸਫਲ ਪਾਇਲਟ ਪ੍ਰਾਜੈਕਟ ਪੂਰਾ ਕੀਤਾ ਗਿਆ ਹੈ। ਆਯੁਸ਼ਮਾਨ ਯੋਜਨਾ ਅਤੇ ਯੂ-ਵਿਨ ਪੋਰਟਲ ਦੀ ਸ਼ੁਰੂਆਤ ਭਾਰਤ ਵਿੱਚ ਸਿਹਤ ਸੰਭਾਲ ਸੇਵਾਵਾਂ ਦੇ ਖੇਤਰ ਵਿਚ ਇਕ ਮਹੱਤਵਪੂਰਨ ਕਦਮ ਹੈ। ਇਸ ਨਾਲ ਨਾ ਸਿਰਫ਼ ਬਜ਼ੁਰਗਾਂ ਅਤੇ ਬੱਚਿਆਂ ਲਈ ਸਿਹਤ ਸਹੂਲਤਾਂ ਵਿੱਚ ਵਾਧਾ ਹੋਵੇਗਾ, ਸਗੋਂ ਇਹ ਡਿਜੀਟਲ ਇੰਡੀਆ ਵੱਲ ਇੱਕ ਨਵਾਂ ਪਹਿਲੂ ਵੀ ਜੋੜੇਗਾ। ਇਸ ਕੋਸ਼ਿਸ਼ ਨਾਲ ਸਿਹਤ ਸੇਵਾਵਾਂ ਦੀ ਪਹੁੰਚ ਅਤੇ ਗੁਣਵੱਤਾ ਵਿੱਚ ਸੁਧਾਰ ਹੋਵੇਗਾ, ਜਿਸ ਨਾਲ ਦੇਸ਼ ਦੀ ਸਿਹਤ ਵਿਵਸਥਾ ਨੂੰ ਮਜ਼ਬੂਤ ਕਰਨ ਵਿਚ ਮਦਦ ਮਿਲੇਗੀ।

# ਜਾਦੂ-ਟੂਣੇ ਦੇ ਸ਼ੱਕ ’ਚ ਇੱਕੋ ਪਰਿਵਾਰ ਦੇ 4 ਮੈਂਬਰਾਂ ਦਾ ਕਤਲ

ਪੰਜਾਬੀ ਪਹਿਚਾਣ ਬਿਊਰੋ : ਛੱਤੀਸਗੜ੍ਹ ਦੇ ਬਲੋਦਾਬਾਜ਼ਾਰ ਜ਼ਿਲ੍ਹੇ ਵਿਚ 12 ਸਤੰਬਰ ਦੀ ਸ਼ਾਮ ਇਕ ਹੀ ਪਰਿਵਾਰ ਦੇ ਚਾਰ ਲੋਕਾਂ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ ਗਿਆ। ਮਰਨ ਵਾਲਿਆਂ ਵਿਚ ਦੋ ਔਰਤਾਂ, ਇਕ ਨੌਜਵਾਨ ਅਤੇ ਇਕ ਮਾਸੂਮ ਬੱਚਾ ਸ਼ਾਮਲ ਹੈ। ਪੁਲਿਸ ਨੇ ਇਸ ਮਾਮਲੇ ਵਿਚ 3 ਸ਼ੱਕੀ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਹ ਘਟਨਾ ਕਸਡੋਲ ਥਾਣਾ ਖੇਤਰ ਦੇ ਛੜਛੇੜ ਪਿੰਡ ਦੀ ਹੈ।



ਜਾਣਕਾਰੀ ਮੁਤਾਬਕ ਮ੍ਰਿਤਕਾਂ ’ਚ 45 ਸਾਲਾ ਚੇਤਰਾਮ ਕੇਵਟ, ਉਸ ਦੀਆਂ ਦੋ ਭੈਣਾਂ ਯਸ਼ੋਦਾ ਅਤੇ ਜਮੁਨਾ ਅਤੇ ਜਮੁਨਾ ਦਾ 11 ਮਹੀਨੇ ਦਾ ਬੱਚਾ ਸ਼ਾਮਲ ਹੈ। ਪੁਲਿਸ ਮੁਤਾਬਕ ਮੁਲਜ਼ਮਾਂ ਨੇ ਜਾਦੂ-ਟੂਣੇ ਦੇ ਸ਼ੱਕ ਵਿਚ ਇਹ ਕਤਲ ਕੀਤਾ ਹੈ। ਪੁਲਿਸ ਨੇ ਸ਼ੱਕ ਦੇ ਆਧਾਰ ’ਤੇ ਤਿੰਨਾਂ ਨੂੰ ਹਿਰਾਸਤ ’ਚ ਲਿਆ ਹੈ ਅਤੇ ਤਿੰਨਾਂ ਤੋਂ ਲਗਾਤਾਰ ਪੁੱਛਗਿੱਛ ਕੀਤੀ ਜਾ ਰਹੀ ਹੈ। ਤਿੰਨਾਂ ਸ਼ੱਕੀਆਂ ਦੀ ਪਛਾਣ ਰਾਮਨਾਥ ਪਾਟਲੇ, ਦੀਪਕ ਪਾਟਲੇ, ਦਿਲ ਕੁਮਾਰ ਪਾਟਲੇ ਵਜੋਂ ਹੋਈ ਹੈ। ਸਥਾਨਕ ਲੋਕਾਂ ਮੁਤਾਬਕ ਜਾਦੂ-ਟੂਣੇ ਦੇ ਸ਼ੱਕ ’ਚ ਕਤਲ ਨੂੰ ਅੰਜਾਮ ਦਿੱਤਾ ਗਿਆ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਕਸਦੋਲ ਪੁਲਿਸ ਸਾਰੇ ਪਹਿਲੂਆਂ ’ਤੇ ਬਾਰੀਕੀ ਨਾਲ ਜਾਂਚ ਕਰ ਰਹੀ ਹੈ।

**ਲੜਕੀ ਰਹਿੰਦੀ ਸੀ ਬਿਮਾਰ-** ਪਿੰਡ ਵਾਸੀਆਂ ਨੇ ਦੱਸਿਆ ਕਿ ਰਾਮਨਾਥ ਪਾਟਲੇ ਦੀ ਲੜਕੀ ਪਿਛਲੇ ਕੁਝ ਸਮੇਂ ਤੋਂ ਬਿਮਾਰ ਸੀ। ਲੜਕੀ ਦਾ ਕਈ ਥਾਵਾਂ ’ਤੇ ਇਲਾਜ ਕੀਤਾ ਗਿਆ ਪਰ ਉਹ ਠੀਕ ਨਹੀਂ ਹੋ ਰਹੀ ਹੈ। ਉਸਦੇ ਪਰਿਵਾਰਕ ਮੈਂਬਰਾਂ ਨੂੰ ਸ਼ੱਕ ਸੀ ਕਿ ਉਸਦੀ ਬਿਮਾਰੀ ਚੈਤਰਾਮ ਦੀ ਮਾਂ ਦੁਆਰਾ ਕੀਤੇ ਜਾਦੂ-ਟੂਣੇ ਦਾ ਨਤੀਜਾ ਸੀ। ਅਧਿਕਾਰੀਆਂ ਨੇ ਦੱਸਿਆ ਕਿ ਤਿੰਨੇ ਦੋਸ਼ੀ ਚੈਤਰਾਮ ਦੇ ਘਰ ’ਚ ਦਾਖਲ ਹੋਏ ਅਤੇ ਤੇਜ਼ਧਾਰ ਹਥਿਆਰਾਂ ਅਤੇ ਹਥੌੜੇ ਨਾਲ ਉਸ ’ਤੇ ਹਮਲਾ ਕਰ ਦਿੱਤਾ। ਬੱਚੇ ਸਮੇਤ ਪਰਿਵਾਰ ਦੇ ਚਾਰੇ ਜੀਆਂ ਦੀ ਦਰਦਨਾਕ ਮੌਤ ਹੋ ਗਈ। ਉਸ ਨੇ ਦੱਸਿਆ ਕਿ ਹਮਲੇ ਸਮੇਂ ਚੈਤਰਾਮ ਦੀ ਮਾਂ ਘਰ ਨਹੀਂ ਸੀ, ਉਹ ਆਪਣੇ ਦੂਜੇ ਬੇਟੇ ਨਾਲ ਕਿਤੇ ਗਈ ਹੋਈ ਸੀ।

# ਇਰਾਕ-ਇਰਾਨ ’ਚ ਫੜੇ ਗਏ ਭਿਖਾਰੀਆਂ ’ਚੋਂ 90 ਫ਼ੀਸਦੀ ਹਨ ਪਾਕਿਸਤਾਨ ਦੇ

## ਸ਼ਰਧਾਲੂ ਬਣ ਕੇ ਕਰਦੇ ਹਨ ਘੁਸਪੈਠ

ਪੰਜਾਬੀ ਪਹਿਚਾਣ ਬਿਊਰੋ : ਹਾਲ ਹੀ ਦੇ ਸਮੇਂ ਵਿਚ ਵੱਡੀ ਗਿਣਤੀ ਵਿਚ ਪਾਕਿਸਤਾਨੀ ਭਿਖਾਰੀ ਮੱਧ ਪੂਰਬ ਦੇ ਦੇਸ਼ਾਂ ਦੀ ਯਾਤਰਾ ਕਰ ਰਹੇ ਹਨ, ਜਿਸ ਨਾਲ ਸਥਾਨਕ ਅਧਿਕਾਰੀਆਂ ਦੀ ਚਿੰਤਾ ਵਧ ਗਈ ਹੈ। ਇਹ ਲੋਕ ਇਨ੍ਹਾਂ ਦੇਸ਼ਾਂ ਵਿਚ ਧਾਰਮਿਕ ਸ਼ਰਧਾਲੂਆਂ ਵਜੋਂ ਦਾਖਲ ਹੁੰਦੇ ਹਨ, ਪਰ ਬਾਅਦ ਵਿਚ ਭੀਖ ਮੰਗਣ ਲੱਗ ਪੈਂਦੇ ਹਨ। ਇਸ ਮੁੱਦੇ ਨੇ ਸਥਾਨਕ ਪ੍ਰਸ਼ਾਸਨ ਦਾ ਧਿਆਨ ਖਿੱਚਿਆ ਹੈ, ਜਿਸ ਕਾਰਨ ਪਾਕਿਸਤਾਨੀ ਯਾਤਰੀਆਂ ਦੀ ਸਖ਼ਤ ਚੈਕਿੰਗ ਸ਼ੁਰੂ ਹੋ ਗਈ ਹੈ। ਸਮੱਸਿਆ ਖਾਸ ਤੌਰ ’ਤੇ ਇਰਾਕ ਵਿਚ ਗੰਭੀਰ ਹੈ, ਜਿੱਥੇ ਬਹੁਤ ਸਾਰੇ ਪਾਕਿਸਤਾਨੀ ਧਾਰਮਿਕ ਯਾਤਰਾ ਲਈ ਆਉਂਦੇ ਹਨ ਪਰ ਉਥੇ ਪਹੁੰਚ ਕੇ ਭੀਖ ਮੰਗਣ ਲੱਗ ਜਾਂਦੇ ਹਨ। ਰਿਪੋਰਟਾਂ ਅਨੁਸਾਰ ਮੱਧ ਪੂਰਬ ਦੇ ਦੇਸ਼ਾਂ ਵਿਚ ਗ੍ਰਿਫਤਾਰ ਕੀਤੇ ਗਏ ਭਿਖਾਰੀਆਂ ਵਿਚੋਂ 90 ਫੀਸਦੀ ਪਾਕਿਸਤਾਨੀ ਨਾਗਰਿਕ ਹਨ।



**ਨਸ਼ੀਲੇ ਪਦਾਰਥਾਂ ਤੇ ਮਨੁੱਖੀ ਤਸਕਰੀ ਵੀ ਚਿੰਤਾ ਦਾ ਵਿਸ਼ਾ-**

ਇਸ ਨਾਲ ਤੀਰਥ ਯਾਤਰਾ ਵੀਜ਼ਾ ਦੀ ਦੁਰਵਰਤੋਂ ’ਤੇ ਗੰਭੀਰ ਸਵਾਲ ਖੜ੍ਹੇ ਹੋ ਗਏ ਹਨ। ਇਹ ਵੀ ਚਿੰਤਾ ਦਾ ਵਿਸ਼ਾ ਹੈ ਕਿ ਇਰਾਕ ਵਿਚ 18 ਤੋਂ 25 ਸਾਲ ਦੀ ਉਮਰ ਦੀਆਂ ਪਾਕਿਸਤਾਨੀ ਕੁੜੀਆਂ ਵੀ ਭੀਖ ਮੰਗਣ ਵਿਚ ਸ਼ਾਮਲ ਹਨ, ਜਿਸ ਨਾਲ ਇਸ ਸਮੱਸਿਆ ਦੀ ਗੰਭੀਰਤਾ ਹੋਰ ਵੀ ਵੱਧ ਰਹੀ ਹੈ। ਇਹ ਸਮੱਸਿਆ ਇਰਾਨ ਵਿਚ ਵੀ ਦੇਖਣ ਨੂੰ ਮਿਲ ਰਹੀ ਹੈ, ਜਿੱਥੇ ਪਾਕਿਸਤਾਨੀ ਨਾਗਰਿਕਾਂ ਦੇ ਭਿਖਾਰੀ ਬਣਨ ਦੇ ਕਈ ਮਾਮਲੇ ਸਾਹਮਣੇ ਆਏ ਹਨ। ਈਰਾਨੀ ਅਧਿਕਾਰੀਆਂ ਨੇ ਪਾਕਿਸਤਾਨੀ ਨਾਗਰਿਕਾਂ ਦੇ ਭਿਖਾਰੀ ਬਣਨ ਦੇ ਨਾਲ-ਨਾਲ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਮਨੁੱਖੀ ਤਸਕਰੀ ਵਿਚ ਸ਼ਾਮਲ ਹੋਣ ’ਤੇ ਵੀ ਚਿੰਤਾ ਜ਼ਾਹਰ ਕੀਤੀ ਹੈ। ਇਹ ਸਮੱਸਿਆ ਪਾਕਿਸਤਾਨ ਵਿਚ ਚੱਲ ਰਹੇ ਸੰਗਠਿਤ ਭਿਖਾਰੀ ਨੈੱਟਵਰਕ ਦਾ ਹਿੱਸਾ ਹੈ।

**38 ਮਿਲੀਅਨ ਭਿਖਾਰੀ, 42 ਬਿਲੀਅਨ ਡਾਲਰ ਕਮਾਈ-** ਪਾਕਿਸਤਾਨ ਵਿਚ ਭਿਖਾਰੀ ਸਿਰਫ਼ ਗਰੀਬੀ ਦਾ ਨਤੀਜਾ ਨਹੀਂ ਹੈ, ਸਗੋਂ ਇਕ ਸੰਗਠਿਤ ਉਦਯੋਗ ਬਣ ਗਿਆ ਹੈ ਜੋ ਵੱਡੇ ਪੱਧਰ ’ਤੇ ਮਾਲੀਆ ਪੈਦਾ ਕਰਦਾ ਹੈ। ਰਿਪੋਰਟਾਂ ਦੇ ਅਨੁਸਾਰ, ਪਾਕਿਸਤਾਨ ਵਿਚ ਲਗਭਗ 38 ਮਿਲੀਅਨ ਭਿਖਾਰੀ ਹਨ, ਜੋ ਸਾਲਾਨਾ 42 ਬਿਲੀਅਨ ਡਾਲਰ ਕਮਾਉਂਦੇ ਹਨ। ਇਸ ਸਮੱਸਿਆ ਨੂੰ ਹੱਲ ਕਰਨ ਦੇ ਯਤਨਾਂ ਨੂੰ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭ੍ਰਿਸ਼ਟਾਚਾਰ ਅਤੇ ਮਿਲੀਭੁਗਤ ਦੀਆਂ ਰਿਪੋਰਟਾਂ ਸਾਹਮਣੇ ਆਈਆਂ ਹਨ, ਜਿਸ ਵਿਚ ਪਾਕਿਸਤਾਨੀ ਅਧਿਕਾਰੀਆਂ ਅਤੇ ਈਰਾਨੀ ਡਰਾਈਵਰਾਂ ਵੱਲੋਂ ਭਿਖਾਰੀਆਂ ਦੀ ਸਰਹੱਦ ਪਾਰ ਕਰਨ ਵਿਚ ਮਦਦ ਕਰਨ ਦੇ ਦੋਸ਼ ਸ਼ਾਮਲ ਹਨ। ਇਸ ਸਥਿਤੀ ਨੇ ਪਾਕਿਸਤਾਨ ਸਰਕਾਰ ਨੂੰ ਸ਼ਰਮਿੰਦਾ ਕੀਤਾ ਹੈ ਅਤੇ ਮੱਧ ਪੂਰਬੀ ਦੇਸ਼ਾਂ ਨਾਲ ਉਸਦੇ ਸਬੰਧਾਂ ਨੂੰ ਪ੍ਰਭਾਵਿਤ ਕੀਤਾ ਹੈ।

**ਸਮੱਸਿਆ ਸਿਰਫ਼ ਇਰਾਕ ਤੇ ਈਰਾਨ ਤੱਕ ਹੀ ਸੀਮਤ ਨਹੀਂ-**ਇਹ ਸਮੱਸਿਆ ਸਿਰਫ਼ ਇਰਾਕ ਅਤੇ ਈਰਾਨ ਤੱਕ ਹੀ ਸੀਮਤ ਨਹੀਂ ਹੈ, ਬਲਕਿ ਪਾਕਿਸਤਾਨੀ ਭਿਖਾਰੀ ਸਾਊਦੀ ਅਰਬ, ਯੂਏਈ ਅਤੇ ਕਤਰ ਵਰਗੇ ਦੇਸ਼ਾਂ ਵਿਚ ਵੀ ਪਾਏ ਜਾਂਦੇ ਹਨ, ਜੋ ਅਕਸਰ ਤੀਰਥ ਯਾਤਰਾ ਜਾਂ ਰੁਜ਼ਗਾਰ ਵੀਜ਼ੇ ’ਤੇ ਇਨ੍ਹਾਂ ਦੇਸ਼ਾਂ ਵਿਚ ਆਉਂਦੇ ਹਨ ਅਤੇ ਫਿਰ ਭੀਖ ਮੰਗਣ ਲੱਗ ਪੈਂਦੇ ਹਨ। ਇਸ ਨਾਲ ਇਨ੍ਹਾਂ ਮੁਲਕਾਂ ਦੀਆਂ ਜੇਲ੍ਹਾਂ ਵਿਚ ਭੀੜ ਵਧ ਰਹੀ ਹੈ ਅਤੇ ਪਾਕਿਸਤਾਨੀਆਂ ਦਾ ਅਕਸ ਖਰਾਬ ਹੋ ਰਿਹਾ ਹੈ। ਇਸ ਸਥਿਤੀ ਨਾਲ ਨਜਿੱਠਣ ਲਈ ਇਰਾਕ ਵਰਗੇ ਮੱਧ ਪੂਰਬੀ ਦੇਸ਼ਾਂ ਨੇ ਪਾਕਿਸਤਾਨੀ ਸ਼ਰਧਾਲੂਆਂ ਤੋਂ ਗਾਰੰਟੀ ਮੰਗੀ ਹੈ ਕਿ ਉਹ ਆਪਣੀ ਤੀਰਥ ਯਾਤਰਾ ਤੋਂ ਬਾਅਦ ਵਾਪਸ ਪਰਤਣਗੇ। ਪਾਕਿਸਤਾਨੀ ਸੰਸਦ ’ਚ ਵੀ ਇਸ ਸਮੱਸਿਆ ’ਤੇ ਚਰਚਾ ਹੋ ਰਹੀ ਹੈ, ਜਿੱਥੇ ਸੰਸਦ ਮੈਂਬਰਾਂ ਨੇ ਇਸ ਮੁੱਦੇ ਨਾਲ ਨਜਿੱਠਣ ਅਤੇ ਕੌਮਾਂਤਰੀ ਪੱਧਰ ’ਤੇ ਪਾਕਿਸਤਾਨ ਦੇ ਅਕਸ ’ਤੇ ਪੈਣ ਵਾਲੇ ਮਾੜੇ ਪ੍ਰਭਾਵ ਨਾਲ ਨਜਿੱਠਣ ਲਈ ਸਖਤ ਕਦਮ ਚੁੱਕਣ ਦੀ ਮੰਗ ਕੀਤੀ ਹੈ।


# ਡੋਨਾਲਡ ਟਰੰਪ ’ਤੇ ਮੁੜ ਹੋਇਆ ਜਾਨਲੇਵਾ ਹਮਲਾ

ਪੰਜਾਬੀ ਪਹਿਚਾਣ ਬਿਊਰੋ : ਯੂਐੱਸ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ ਨੇ ਕਿਹਾ ਹੈ ਕਿ ਬੀਤੀ 15 ਸਤੰਬਰ ਨੂੰ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਵੈਸਟ ਪਾਮ ਬੀਚ ਫਲੋਰੀਡਾ ਵਿਚ ਉਨ੍ਹਾਂ ਦੇ ਗੋਲਫ ਕਲੱਬ ਵਿਚ ਹੱਤਿਆ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਇਸ ਘਟਨਾ ਤੋਂ ਠੀਕ ਨੌਂ ਹਫ਼ਤੇ ਪਹਿਲਾਂ, 13 ਜੁਲਾਈ ਨੂੰ ਪੈਨਸਿਲਵੇਨੀਆ ਵਿਚ ਇਕ ਚੋਣ ਰੈਲੀ ਦੌਰਾਨ ਇਕ ਬੰਦੂਕਧਾਰੀ ਨੇ ਟਰੰਪ (78) ਨੂੰ ਨਿਸ਼ਾਨਾ ਬਣਾਇਆ ਸੀ ਅਤੇ ਗੋਲੀਬਾਰੀ ਕੀਤੀ ਸੀ। ਇਸ ਹਮਲੇ ਵਿਚ ਇਕ ਗੋਲੀ ਟਰੰਪ ਦੇ ਸੱਜੇ ਕੰਨ ਨੂੰ ਛੂਹ ਕੇ ਨਿਕਲ ਗਈ ਸੀ। ਇਸ ਹਮਲੇ ਤੋਂ ਬਾਅਦ ਸਾਬਕਾ ਰਾਸ਼ਟਰਪਤੀ ਨੇ ਕਿਹਾ ਕਿ ਉਹ ਸੁਰੱਖਿਅਤ ਤੇ ਠੀਕ ਹਨ ਅਤੇ ਅਧਿਕਾਰੀਆਂ ਨੇ ਇਸ ਮਾਮਲੇ ਦੇ ਸਬੰਧ ਵਿਚ ਇਕ ਵਿਅਕਤੀ ਨੂੰ ਹਿਰਾਸਤ ਵਿਚ ਲਿਆ। ਟਰੰਪ ਜਿੱਥੇ ਖੇਡ ਰਹੇ ਸੀ ਉਥੋਂ ਕੁਝ ਦੂਰੀ ’ਤੇ ਲੁਕ ਕੇ ਅਮਰੀਕੀ ਸੀਕ੍ਰੇਟ ਸਰਵਿਸ ਦੇ ਇਕ ਏਜੰਟ ਨੇ ਦੇਖਿਆ ਕਿ ਲਗਭਗ 400 ਗਜ਼ ਦੀ ਦੂਰੀ ’ਤੇ ਝਾੜੀਆਂ ਵਿਚੋਂ ਇਕ ਏਕੇ ਵਰਗੀ ਰਾਈਫਲ ਦੀ ਨਾਲੀ ਦਿਖ ਰਹੀ ਸੀ। ਜਿਸ ’ਤੇ ਏਜੰਟ ਵੱਲੋਂ ਗੋਲੀ ਚਲਾਉਣ ’ਤੇ ਬੰਦੂਕਧਾਰੀ ਰਾਈਫ਼ਲ ਛੱਡ ਕੇ ਫ਼ਰਾਰ ਹੋ ਗਿਆ ਪਰ ਬਾਅਦ ਵਿਚ ਅਧਿਕਾਰੀ ਨੇ ਉਸਨੂੰ ਕਾਬੂ ਕਰ ਲਿਆ। ਉਨ੍ਹਾਂ ਦੱਸਿਆ ਕਿ ਰਾਈਫਲ ਦੇ ਨਾਲ-ਨਾਲ ਦੋ ਬੈਗ, ਨਿਸ਼ਾਨਾ ਲਗਾਉਣ ਲਈ ਵਰਤੀ ਜਾਣ ਵਾਲੀ ਦੂਰਬੀਨ ਤੇ ਇਕ ਕੈਮਰਾ ਵੀ ਮਿਲਿਆ।



# ਸੱਤ ਜਨਮਾਂ ਦੇ ਬੰਧਨ ’ਚ ਬੱਝੇ ਅਦਿਤੀ ਤੇ ਸਿਧਾਰਥ

ਪੰਜਾਬੀ ਪਹਿਚਾਣ ਬਿਊਰੋ : ਸਾਊਥ ਦੀ ਸੁਪਰਸਟਾਰ ਅਦਿਤੀ ਰਾਓ ਹੈਦਰੀ ਨੇ ਬੀਤੀ 16 ਸਤੰਬਰ ਨੂੰ ਆਪਣੇ ਬੁਆਇਫ ?ਰੈਂਡ ਸਿਧਾਰਥ ਨਾਲ ਵਿਆਹ ਕਰਵਾਇਆ ਹੈ। ਉਨ੍ਹਾਂ ਨੇ ਇੰਸਟਾਗ੍ਰਾਮ ’ਤੇ ਆਪਣੇ ਵਿਆਹ ਦੀਆਂ ਖੂਬਸੂਰਤ ਤਸਵੀਰਾਂ ਸ਼ੇਅਰ ਕਰ ਕੇ ਲੋਕਾਂ ਨੂੰ ਹੈਰਾਨ ਕਰ ਦਿੱਤਾ। ਤਸਵੀਰਾਂ ਵਿਚ ਇਹ ਜੋੜਾ ਕਾਫੀ ਖੁਸ਼ ਨਜ਼ਰ ਆ ਰਿਹਾ ਹੈ। ਅਦਿਤੀ ਅਤੇ ਸਿਧਾਰਥ ਨੇ ਸੋਸ਼ਲ ਮੀਡੀਆ ’ਤੇ ਤਸਵੀਰਾਂ ਦੀ ਇਕ ਲੜੀ ਸਾਂਝੀ ਕੀਤੀ। ਉਨ੍ਹਾਂ ਨੇ ਵਿਆਹ ਵਿਚ ਸਾਦਾ ਰਵਾਇਤੀ ਲੁੱਕ ਪਾਇਆ ਹੋਇਆ ਸੀ। ਅਦਿਤੀ ਅਤੇ ਸਿਧਾਰਥ ਨੇ ਇੱਕ 400 ਸਾਲ ਪੁਰਾਣੇ ਮੰਦਰ ਵਿਚ ਵਿਆਹ ਕੀਤਾ, ਜੋ ਤੇਲੰਗਾਨਾ ਦੇ ਇਕ ਕਸਬੇ ਵਾਨਪਾਰਥੀ ਵਿਚ ਉਨ੍ਹਾਂ ਦੇ ਪਰਿਵਾਰ ਲਈ ਬਹੁਤ ਮਹੱਤਵ ਰੱਖਦਾ ਹੈ। ਦੱਸਣਯੋਗ ਹੈ ਕਿ ਵਨਪਾਰਥੀ ਸਥਿਤ ਸ਼੍ਰੀਰੰਗਪੁਰਮ ਮੰਦਰ ’ਚ ਜੋੜੇ ਦੀ ਮੰਗਣੀ ਹੋਈ ਸੀ।



# ਬਦੀ ’ਤੇ ਨੇਕੀ ਦੀ ਜਿੱਤ ਦਾ ਪ੍ਰਤੀਕ ਦੁਸਹਿਰੇ ਦਾ ਤਿਉਹਾਰ

ਦੁਸਹਿਰਾ ਭਾਰਤ ਦਾ ਇਕ ਬਹੁਤ ਪੁਰਾਣਾ ਤਿਉਹਾਰ ਹੈ ਜੋ ਪੂਰੇ ਭਾਰਤ ਵਿਚ ਬਹੁਤ ਹੀ ਉਤਸ਼ਾਹ ਅਤੇ ਧਾਰਮਿਕ ਰੀਤੀ-ਰਿਵਾਜਾਂ ਨਾਲ ਮਨਾਇਆ ਜਾਂਦਾ ਹੈ। ਇਹ ਦੀਵਾਲੀ ਤੋਂ 20 ਦਿਨ ਪਹਿਲਾਂ ਮਨਾਇਆ ਜਾਂਦਾ ਹੈ। ਇਸ ਤਿਉਹਾਰ ਨੂੰ ਚੰਗਿਆਈ ਦੀ ਬੁਰਿਆਈ ਉੱਪਰ ਜਿੱਤ ਦੇ ਰੂਪ ਵਜੋਂ ਮਨਾਇਆ ਜਾਂਦਾ ਹੈ। ਇਹ ਬੁਰਾਈ ਉੱਤੇ ਚੰਗਿਆਈ ਦੀ ਜਿੱਤ ਦਾ ਜਸ਼ਨ ਹੈ। ਇਸ ਦਿਨ ਭਗਵਾਨ ਸ਼ ?ਰੀ ਰਾਮ ਨੇ ਰਾਵਣ ਨੂੰ ਮਾਰ ਕੇ ਸੀਤਾ ਜੀ ਨੂੰ ਉਸ ਦੀ ਕੈਦ ’ਚੋਂ ਛੁਡਾਇਆ ਸੀ। ਕਿਹਾ ਜਾਂਦਾ ਹੈ ਕਿ ਰਾਮ ਅਤੇ ਰਾਵਣ ’ਚ ਯੁੱਧ ਨਰਾਤਿਆਂ ਦੌਰਾਨ ਹੋਇਆ ਸੀ। ਰਾਵਣ ਦੀ ਮੌਤ ਅਸ਼ਟਮੀ ਅਤੇ ਨੌਮੀ ਦੇ ਸੰਧੀਕਾਲ ’ਚ ਹੋਈ ਸੀ ਅਤੇ ਅੰਤਿਮ ਸੰਸਕਾਰ ਦਸਮੀ ਨੂੰ ਹੋਇਆ ਸੀ, ਇਸ ਲਈ ਦਸਮੀ ਨੂੰ ਇਹ ਤਿਉਹਾਰ ਦੁਸਹਿਰੇ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਸਾਡੇ ਦੇਸ਼ ’ਚ ਇਹ ਤਿਉਹਾਰ ਅੱਸੂ ਮਹੀਨੇ ਦੇ ਸ਼ੁਕਲ ਪੱਖ ਦੀ ਦਸਮੀ ਨੂੰ ਸਾਰੇ ਖੇਤਰਾਂ ’ਚ ਵੱਖ-ਵੱਖ ਰੂਪਾਂ ’ਚ ਮਨਾਇਆ ਜਾਂਦਾ ਹੈ। ਇਸ ਦਿਨ ਵਿਅਕਤੀ ਆਪਣੇ ਅੰਦਰ ਲਾਲਚ, ਮੋਹ, ਹੰਕਾਰ, ਆਲਸ, ਹਿੰਸਾ ਵਰਗੀਆਂ ਭਾਵਨਾਵਾਂ ਦਾ ਅੰਤ ਕਰਨ ਲਈ ਪ੍ਰੇਰਿਤ ਹੁੰਦਾ ਹੈ। ਲੰਕਾਪਤੀ ਰਾਵਣ ਇਕ ਬਹੁਤ ਵੱਡਾ ਵਿਦਵਾਨ-ਗਿਆਨੀ ਅਤੇ ਬਲਸ਼ਾਲੀ ਰਾਜਾ ਸੀ ਪਰ ਉਸ ਦਾ ਹੰਕਾਰ ਉਸ ਨੂੰ ਲੈ ਡੁੱਬਿਆ। ਦੁਸਹਿਰੇ ਤੋਂ ਕੁਝ ਦਿਨ ਪਹਿਲਾਂ ‘ਰਾਮਲੀਲ੍ਹਾ’ ਸ਼ੁਰੂ ਹੋ ਜਾਂਦੀ ਹੈ। ਰਾਮਲੀਲ੍ਹਾ ’ਚ ਨਾਟਕ ਦੇ ਰੂਪ ’ਚ ਸ਼ ?ਰੀ ਰਾਮ ਅਤੇ ਰਾਵਣ ਨਾਲ ਜੁੜੀਆਂ ਸਾਰੀਆਂ ਘਟਨਾਵਾਂ ਨੂੰ ਨਾਟਕ ਦੇ ਰੂਪ ’ਚ ਵੱਖ-ਵੱਖ ਪਾਤਰਾਂ ਵਲੋਂ ਮੰਚ ’ਤੇ ਦਿਖਾਇਆ ਜਾਂਦਾ ਹੈ। ਲੋਕ ਬੜੇ ਚਾਅ ਨਾਲ ਰਾਮਲੀਲ੍ਹਾ ਦੇਖਣ ਜਾਂਦੇ ਹਨ। ਦੁਸਹਿਰੇ ਦੇ ਦਿਨ ਰਾਵਣ ਅਤੇ ਉਸ ਦੇ ਦੋਵੇਂ ਪਾਸੇ ਮੇਘਨਾਦ ਤੇ ਕੁੰਭਕਰਨ ਦੇ ਵਿਸ਼ਾਲ ਪੁਤਲਿਆਂ ਨੂੰ ਰੱਸੀਆਂ ਦੀ ਸਹਾਇਤਾ ਨਾਲ ਬੰਨ੍ਹ ਕੇ ਖੜ੍ਹਾ ਕੀਤਾ ਜਾਂਦਾ ਹੈ ਅਤੇ ਉਸ ਵਿਚ ਖ਼ੂਬ ਸਾਰੇ ਪਟਾਕੇ, ਆਤਿਸ਼ਬਾਜ਼ੀਆਂ ਲਾ ਦਿੱਤੀਆਂ ਜਾਂਦੀਆਂ ਹਨ। ਸ਼ਾਮ ਨੂੰ ਜਦੋਂ ਤਿੰਨਾਂ ਦੇ ਪੁਤਲਿਆਂ ਨੂੰ ਸਾੜਿਆ ਜਾਂਦਾ ਹੈ ਤਾਂ ਪਟਾਕਿਆਂ ਦੀ ਗੜਗੜਾਹਟ ਨਾਲ ਪੂਰਾ ਵਾਤਾਵਰਣ ਗੂੰਜ ਉੱਠਦਾ ਹੈ। ਇਸ ਮੌਕੇ ਮੇਲੇ ’ਚ ਰੌਣਕ ਦੇਖਣਯੋਗ ਹੁੰਦੀ ਹੈ। ਰਾਵਣ ਸੰਪੂਰਨ ਵੇਦਾਂ ਦਾ ਗਿਆਤਾ, ਬਲਸ਼ਾਲੀ, ਸ਼ਸਤਰ-ਵਿੱਦਿਆ ’ਚ ਮਾਹਿਰ ਅਤੇ ਸ਼ਿਵ ਭਗਤ ਸੀ। ਉਸ ਨੇ ਆਪਣੇ ਜੀਵਨ ’ਚ ਹੰਕਾਰ ’ਚ ਆ ਕੇ ਮਾਤਾ ਸੀਤਾ ਦਾ ਹਰਣ ਕਰਨ ਵਰਗੀ ਭਿਆਨਕ ਗਲਤੀ ਕੀਤੀ ਜਿਸ ਕਾਰਨ ਉਹ ਭਗਵਾਨ ਸ਼ ?ਰੀ ਰਾਮ ਦੇ ਹੱਥੋਂ ਮਾਰਿਆ ਗਿਆ। ਨਰਾਤਿਆਂ ਤੋਂ ਇਕ ਦਿਨ ਪਹਿਲਾਂ ਵੱਖਰੇ ਮਿੱਟੀ ਦੇ ਬਰਤਨ ’ਚ ਜੌਂ ਬੀਜਣ ਦੀ ਰਵਾਇਤ ਹੈ ਜੋ ਦੁਸਹਿਰੇ ਦੀ ਪੂਜਾ ਲਈ ਹੁੰਦੀ ਹੈ। ਨਰਾਤਿਆਂ ’ਚ ਮਾਂ ਦੁਰਗਾ ਦੀ ਪੂਜਾ ਲਈ ਪਹਿਲੇ ਨਰਾਤੇ ਨੂੰ ਵੱਖਰੇ ਜੌਂ ਬੀਜੇ ਜਾਂਦੇ ਹਨ।




## ਕਵਿਤਾ

ਮਾਏਂ ਨੀ ਮੇਰੀਏ, ਅੱਥਰੂ ਨਾ ਕੇਰੀ
ਭੇਜ ਕੇ ਆਪਣੇ ਤੋ ਦੂਰ

ਮੁਲਕ ਬੇਗਾਨੇ ਵੱਸਣਾ ਨਹੀ ਸੌਖਾ
ਰੋਟੀ ਟੁੱਕ ਪਹਿਲਾ ਲੱਗਦਾ ਏ ਔਖਾ
ਚੜਿਆ ਰਹਿੰਦਾ ਸੀ ਤੇਰੀ ਰੋਟੀ ਦਾ ਸਰੂਰ
ਹੁਣ ਉਡ ਗਿਆ ਚੇਹਰੇ ਤੋ ਦੂਰ

ਮਾਏਂ ਨੀ ਮੇਰੀਏ, ਅੱਥਰੂ ਨਾ ਕੇਰੀ
ਭੇਜ ਕੇ ਆਪਣੇ ਤੋ ਦੂਰ
ਤੈਨੂੰ ਮੈਂ ਆਖਾਂ ਪੱਥਰ ਦਿਲ ਤੇ ਥਰ ਕੇ
ਰੋਂਦਾ ਨਹੀ ਮੈ ਪਿੰਡ ਨੂੰ ਚੇਤੇ ਕਰ ਕੇ
ਘੁਮਦਾ ਸੀ ਤੇਰੀ ਉਗਲੀ ਫੜ ਕੇ
ਸਿੱਲਦਾ ਏ ਅੱਖੀਆ ਚੋ ਨਾਸੂਰ

ਮਾਏਂ ਨੀ ਮੇਰੀਏ, ਅੱਥਰੂ ਨਾ ਕੇਰੀ
ਭੇਜ ਕੇ ਆਪਣੇ ਤੋ ਦੂਰ
ਚੇਤੇ ਆਉਦਾ ਬਾਪੂ ਨਾਲ ਅੜਨਾ
ਵੀਰੇ ਨਾਲ ਲੜਨਾ ਤਾਏ ਨਾਲ ਖੜਨਾ
ਭੈਣ ਮੇਰੀ ਦਾ ਉਹ ਗਰੂਰ

ਮਾਏਂ ਨੀ ਮੇਰੀਏ, ਅੱਥਰੂ ਨਾ ਕੇਰੀ
ਭੇਜ ਕੇ ਆਪਣੇ ਤੋ ਦੂਰ
ਇਹ ਨਾ ਪੁੱਛੀ ਕਿਉ ਪੱਗ ਨਹੀ ਮੈ ਬੰਨਦਾ
ਰਹਿ ਗਿਆ ਤਾਂ ਬਣਕੇ ਮੈਂ ਤਾਂ ਕੰਮ ਦਾ
ਤੇਰੇ ਆਖਣ ਤੇ ਸਾਂਭੇ ਨੇ ਕੇਸ ਮੈਂ ਜਰੂਰ

ਮਾਏਂ ਨੀ ਮੇਰੀਏ, ਅੱਥਰੂ ਨਾ ਕੇਰੀ
ਭੇਜ ਕੇ ਆਪਣੇ ਤੋ ਦੂਰ
ਤੇਰਾ ਦਿਲ ਦੁੱਖਦਾ ਜਦੋ ਮੈਂ ਫੂਨ ਨਹੀਂ ਕਰਦਾ
ਤੇਰਾ ਪੁੱਤ ਰਹਿੰਦਾ ਸਾਰਾ ਦਿਨ ਹਲਾਤਾ ਨਾ ਲੜਦਾ
ਜੋ ਵੀ ਕਮਾਵਾ ਉਹ ਸਾਰਾ ਹੀ ਲੱਗ ਜਾਏ
ਕਿਵੇ ਆਖਾ ਹੁਣ ਮੈਂ ਦਿਲ ਮੁੜਨੇ ਨੂੰ ਕਰਦਾ
ਜਦ ਮਿਹਨਤ ਨੂੰ ਪੈਂਦਾ ਨਾ ਹੋਵੇ ਬੂਰ

ਮਾਏਂ ਨੀ ਮੇਰੀਏ, ਅੱਥਰੂ ਨਾ ਕੇਰੀ
ਭੇਜ ਕੇ ਆਪਣੇ ਤੋ ਦੂਰ
-----------
ਪਰਮਵੀਰ ਗੀਹਲ
Brampton, ontario

## ਸਤਿਆਂ ਨੂੰ ਨਹੀਂ ਸਤਾਈਦਾ



ਰੱਬ ਕੋਲੋਂ ਭੋਰਾ ਡਰਿਆ ਕਰ,
ਪੁੰਨ ਦਾਨ ਵੀ ਭੋਰਾ ਕਰਿਆ ਕਰ,
ਜੋ ਦਰ ’ਤੇ ਗਿਆ ਹੀ ਆ ਮੰਗਣ,
ਨਹੀਂ ਦਬਕਾ ਮਾਰ ਭਜਾਈਦਾ!
ਕੁਝ ਖੌਫ਼ ਖ਼ੁਦਾ ਦਾ ਕਰ ਬੰਦੇ-
ਸਤਿਆਂ ਨੂੰ ਨਹੀਂ ਸਤਾਈਦਾ।

ਨਾ ਮੋਢਿਆਂ ਉਤੋਂ ਦੀ ਥੁੱਕਿਆ ਕਰ,
ਨਾ ਐਵੇਂ ਲਾਹ-ਲਾਹ ਸੁੱਟਿਆ ਕਰ,
ਕਿਸੇ ਪਿਆਰ ਨਿਮਰਤਾ ਵਿਚ ਆ ਕੇ
ਦੁਖੀਏ ਦਾ ਦਰਦ ਵੰਡਾਈਦਾ!
ਕੁਝ ਖ਼ੌਫ ਖ਼ੁਦਾ ਦਾ ਕਰ ਬੰਦੇ-
ਸਤਿਆਂ ਨੂੰ ਨਹੀਂ ਸਤਾਈਦਾ।

ਉਂਝ ਬੜਾ ਸਾਊ ਅਖ਼ਵਾਵੇਂ ਤੂੰ,
ਭਾਵੇਂ ਲੱਖ ਨੀਵੀਆਂ ਪਾਵੇ ਤੂੰ,
ਪਊ ਲਾਹਨਤ ਪੱਲੇ ਖੁੱਲਿਆ ਜਦ,
ਉਏ ਭੇਦ ਤੇਰੀ ਚਤੁਰਾਈ ਦਾ!
ਕੁਝ ਖ਼ੌਫ ਖ਼ੁਦਾ ਦਾ ਕਰ ਬੰਦੇ-
ਸਤਿਆਂ ਨੂੰ ਨਹੀਂ ਸਤਾਈਦਾ।

ਤੇਰੇ ਸਿਰ ’ਤੇ ਭੂਤ ਸਵਾਰੀ ਏ,
ਝੂਠੀ ਸ਼ੌਹਰਤ ਨੇ ਮੱਤ ਮਾਰੀ ਏ,
ਤੂੰ ’ਦਿਆਲ’ ਨਾ ਕੱਲਾ ਹਰ ਕੋਈ
ਏਥੇ ਭੁੱਖਾ ਹੈ ਵਡਿਆਈ ਦਾ!
ਕੁਝ ਖ਼ੌਫ ਖ਼ੁਦਾ ਦਾ ਕਰ ਬੰਦੇ-
ਸਤਿਆਂ ਨੂੰ ਨਹੀਂ ਸਤਾਈਦਾ।

## ਕਹਾਣੀ

# ਮਿੱਠਾ ਜ਼ਹਿਰ

ਮੀਤ ਦੀ ਲਾਸ਼ ਤਾਬੂਤ ਵਿਚ ਬੰਦ ਵਿਦੇਸ਼ ਤੋਂ ਪਿੰਡ ਪਹੁੰਚ ਚੁੱਕੀ ਸੀ। ਸਾਰੇ ਪਿੰਡ ਵਿਚ ਮਾਹੌਲ ਬਹੁਤ ਗਮਗੀਨ ਸੀ। ਪਰਿਵਾਰ ਵਿਚ ਰੋਣ ਕੁਰਲਾਉਣ ਦਾ ਮਾਹੌਲ ਸੀ। ਉਸ ਦੀ ਮਾਂ ਦੇ ਹਉਕੇ ਹਰ ਇਕ ਦੇ ਅੱਥਰੂ ਵਗਣ ਲਈ ਮਜਬੂਰ ਕਰਦੇ ਸਨ। ਜਦੋਂ ਮਾਂ-ਬਾਪ ਦਾ ਲਾਡਾਂ ਨਾਲ ਪਾਲਿਆ ਇਕਲੌਤਾ ਪੁੱਤ ਇਸ ਦੁਨੀਆ ਤੋਂ ਚਲੇ ਜਾਵੇ ਤਾਂ ਮਾਂ-ਪਿਓ ਨੂੰ ਇੰਝ ਲੱਗਦਾ ਜਿਵੇਂ ਦੁਨੀਆਂ ਖਤਮ ਹੋ ਗਈ ਹੋਵੇ।

ਮੀਤ ਦੇ ਛੋਟੇ ਜਿਹੇ ਜੀਵਨ ਦੀ ਕਹਾਣੀ ਬਹੁਤ ਦਰਦਨਾਕ ਸੀ। ਮੀਤ ਇਕ ਪੜ੍ਹਿਆ-ਲਿਖਿਆ ਮੁੰਡਾ ਸੀ ਪਰ ਘਰ ਦੇ ਮਾੜੇ ਹਾਲਾਤ ਅਤੇ ਬੇਰੁਜ਼ਗਾਰੀ ਨੇ ਉਸਦੇ ਕਦਮਾਂ ਨੂੰ ਵਿਦੇਸ਼ ਜਾਣ ਲਈ ਮਜਬੂਰ ਕਰ ਦਿੱਤਾ। ਆਪਣੀ ਮਾਂ-ਬਾਪ ਦੀ ਜ਼ਮੀਨ ਵੇਚ ਕੇ ਇਟਲੀ ਪਹੁੰਚ ਗਿਆ।

ਉਸ ਦੇ ਆਪਣੇ ਹੀ ਇਕ ਰਿਸ਼ਤੇਦਾਰ ਨੇ ਹੀ ਕੁਝ ਪੈਸੇ ਲੈ ਕੇ ਉਸਨੂੰ ਇਟਲੀ ਲਿਆਂਦਾ ਸੀ। ਉਸਦੇ ਮਨ ਵਿਚ ਬੜਾ ਚਾਅ ਸੀ ਕਿ ਉਹ ਇਟਲੀ ਪਹੁੰਚਦਿਆਂ ਹੀ ਉਸਦੀ ਦੁਨੀਆ ਬਦਲ ਜਾਵੇਗੀ। ਉਸਦੇ ਮਨ ਵਿਚ ਇਕ ਦ੍ਰਿੜ੍ਹ ਸੰਕਲਪ ਸੀ ਕਿ ਉਹ ਇਟਲੀ ਜਾ ਕੇ ਖ਼ੂਬ ਮਿਹਨਤ ਕਰੇਗਾ ਅਤੇ ਮਾਂ-ਪਿਓ ਦੇ ਨਾਲ ਨਾਲ ਆਪਣੇ ਸੁਪਨੇ ਵੀ ਸਾਕਾਰ ਕਰੇਗਾ। ਉਹ ਬੇਚਾਰਾ ਵਿਦੇਸ਼ ਦੀ ਦੁਨੀਆ ਤੋਂ ਅਣਭੋਲ ਸੀ।



ਪਰ ਹੋਇਆ ਇਸਦੇ ਉਲਟ ਉਸਨੂੰ ਦੋ ਸਾਲ ਹੋ ਗਏ ਸਨ ਇਟਲੀ ਆਏ ਨੂੰ ਪਰ ਕੋਈ ਚੰਗਾ ਕੰਮ ਨਾ ਮਿਲਿਆ। ਜਿੰਨੀਆਂ ਕੁ ਦਿਹਾੜੀਆਂ ਲੱਗਦੀਆਂ ਸਨ ਉਸਦਾ ਗੁਜ਼ਾਰਾ ਬਹੁਤ ਮੁਸ਼ਕਲ ਨਾਲ ਹੁੰਦਾ ਸੀ। ਮਾਂ-ਪਿਓ ਨੂੰ ਪੈਸੇ ਭੇਜਣ ਤੋਂ ਅਸਮਰੱਥ ਸੀ।

ਜਿਹੜੇ ਰਿਸ਼ਤੇਦਾਰਾਂ ਨੇ ਉਸਨੂੰ ਏਥੇ ਲਿਆਂਦਾ ਸੀ ਪੰਜ ਛੇ ਮਹੀਨੇ ਬਾਅਦ ਉਨ੍ਹਾਂ ਨੇ ਵੀ ਘਰੋਂ ਕੱਢ ਦਿੱਤਾ। ਉਹ ਬੇਚਾਰਾ ਦਰ-ਦਰ ਭਟਕ ਰਿਹਾ ਸੀ। ਉਸ ਬਦਨਸੀਬ ਨੂੰ ਰੋਟੀ ਦੇ ਵੀ ਲਾਲੇ ਪੈ ਗਏ ਸਨ। ਆਮਦਨ ਨਾ ਹੋਣ ਕਰਕੇ ਪਿੱਛੇ ਘਰ ਦੀ ਹਾਲਤ ਤਰਸਯੋਗ ਹੋ ਗਈ ਸੀ। ਉਹ ਹਰ ਸਮੇਂ ਸੋਚੀਂ ਪਿਆ ਰਹਿੰਦਾ । ਨਿੱਤ ਦੇ ਤਣਾਅ ਨੇ ਮੀਤ ਨੂੰ ਨਾਮੁਰਾਦ ਬਿਮਾਰੀ ਵਲ ਧੱਕ ਦਿੱਤਾ।ਹੁਣ ਉਹ ਬੇਚਾਰਾ ਦੋ ਤਿੰਨ ਹਫ਼ਤੇ ਤੋਂ ਆਪਣੀ ਰਿਹਾਇਸ਼ ਤੋਂ ਵੀ ਬਾਹਰ ਨਾ ਨਿਕਲਿਆ । ਅੰਦਰ ਕਮਰੇ ਵਿਚ ਹੀ ਪਿਆ ਰਹਿੰਦਾ। ਆਖ਼ਰ ਇਕ ਦਿਨ ਉਸਨੇ ਖਾਣਾ-ਪੀਣਾ ਵੀ ਬੰਦ ਕਰ ਦਿੱਤਾ।


ਅਖੀਰ ਮੀਤ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਪਰ ਹੁਣ ਬਹੁਤ ਦੇਰ ਹੋ ਚੁੱਕੀ ਸੀ। ਕੁਝ ਦਿਨ ਹਸਪਤਾਲ ਰਹਿਣ ਤੋਂ ਬਾਅਦ ਉਸਦੀ ਮੌਤ ਹੋ ਗਈ। ਡਾਕਟਰਾਂ ਨੇ ਮੌਤ ਦੇ ਕਾਰਨਾਂ ਬਾਰੇ ਕੁਝ ਠੋਸ ਤੱਥ ਨਾ ਦੱਸੇ।

ਹੁਣ ਮੈਨੂੰ ਇੰਝ ਮਹਿਸੂਸ ਹੋ ਰਿਹਾ ਸੀ ਜਿਵੇਂ ਉਸਨੂੰ ਯੂਰਪ ਦਾ ਮਿੱਠਾ ਜ਼ਹਿਰ ਨਿਗਲ ਗਿਆ ਹੋਵੇ।

**ਗੁਰਮੀਤ ਸਿੰਘ ਮੱਲ੍ਹੀ, ਇੱਟਲੀ**

# ਦੁਨੀਆ ’ਚ ਮੁੰਡੇ ਪੈਦਾ ਹੋਣੇ ਹੋ ਜਾਣਗੇ ਬੰਦ !, ‘ਵਾਈ ਕ੍ਰੋਮੋਸੋਮ’ ਹੁੰਦਾ ਜਾ ਰਿਹਾ ਹੈ ਅਲੋਪ

ਪੰਜਾਬੀ ਪਹਿਚਾਣ ਬਿਊਰੋ : ਵਾਈ ਕ੍ਰੋਮੋਸੋਮ ਜੋ ਮਨੁੱਖਾਂ ਵਿਚ ਪੁਰਸ਼ ਲਿੰਗ ਨਿਰਧਾਰਿਤ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ ਹੁਣ ਅਲੋਪ ਹੁੰਦਾ ਜਾ ਰਿਹਾ ਹੈ। ਪਿਛਲੇ 300 ਮਿਲੀਅਨ ਸਾਲਾਂ ਵਿਚ, ਇਹ ਆਪਣੇ ਮੂਲ 1,438 ਜੀਨਾਂ ਵਿਚੋਂ 1,393 ਨੂੰ ਗੁਆ ਚੁੱਕਾ ਹੈ ਅਤੇ ਸਿਰਫ਼ 45 ਜੀਨਾਂ ਹੀ ਬਚੇ ਹਨ। ਜੈਨੇਟਿਕਸ ਦੇ ਪ੍ਰਸਿੱਧ ਪ੍ਰੋਫੈਸਰ ਅਤੇ ਵਾਈਸ ਚਾਂਸਲਰ ਦੇ ਫੈਲੋ ਜੈਨੀਫਰ ਏ. ਮਾਰਸ਼ਲ ਗ੍ਰੇਵਜ਼ ਦੇ ਅਨੁਸਾਰ, ਵਾਈ ਕ੍ਰੋਮੋਸੋਮ ਦਾ ਸਮਾਂ ਖਤਮ



ਹੋ ਰਿਹਾ ਹੈ। ਜੇਕਰ ਇਹ ਰੁਝਾਨ ਜਾਰੀ ਰਹਿੰਦਾ ਹੈ, ਤਾਂ ਵਾਈ ਕ੍ਰੋਮੋਸੋਮ 11 ਮਿਲੀਅਨ ਸਾਲਾਂ ਦੇ ਅੰਦਰ ਪੂਰੀ ਤਰ੍ਹਾਂ ਅਲੋਪ ਹੋ ਸਕਦਾ ਹੈ, ਜਿਸ ਨਾਲ ਨਰ ਔਲਾਦ ਦੇ ਭਵਿੱਖ ਅਤੇ ਮਨੁੱਖੀ ਅਸਤਿਤਵ ਬਾਰੇ ਖਤਰਾ ਪੈਦਾ ਹੋ ਸਕਦਾ ਹੈ। ਵਿਗਿਆਨਕ ਖੋਜ ਦੇ ਅਨੁਸਾਰ, ਮਨੁੱਖਾਂ ਅਤੇ ਹੋਰ ਸਤਨਧਾਰੀ ਜੀਵਾਂ ਵਿਚ ਬੱਚੇ ਦਾ ਲਿੰਗ ਵਾਈ ਕ੍ਰੋਮੋਸੋਮ ’ਤੇ ਸਥਿਤ ਇਕ ਜੀਨ ਦੁਆਰਾ ਨਿਰਧਾਰਤ ਹੁੰਦਾ ਹੈ, ਜਿਸਨੂੰ ਪੁਰਸ਼-ਨਿਰਧਾਰਤ ਜੀਨ ਕਿਹਾ ਜਾਂਦਾ ਹੈ। ਹਾਲਾਂਕਿ, ’ਵਾਈ ਕ੍ਰੋਮੋਸੋਮ’ ਹੌਲੀ-ਹੌਲੀ ਕਮਜ਼ੋਰ ਹੋ ਰਿਹਾ ਹੈ ਅਤੇ ਕੁਝ ਮਿਲੀਅਨ ਸਾਲਾਂ ਦੇ ਅੰਦਰ ਪੂਰੀ ਤਰ੍ਹਾਂ ਅਲੋਪ ਹੋ ਜਾਣ ਦੀ ਸੰਭਾਵਨਾ ਹੈ। ਇਹ ਸਾਡੀਆਂ ਪ੍ਰਜਾਤੀ ਦੇ ਬਚਾਅ ਨੂੰ ਖਤਰੇ ਵਿਚ ਪਾ ਸਕਦਾ ਹੈ ਜਦੋਂ ਤੱਕ ਇੱਕ ਨਵਾਂ ਲਿੰਗ-ਨਿਰਧਾਰਨ ਕਰਨ ਵਾਲਾ ਜੀਨ ਵਿਕਸਤ ਨਹੀਂ ਹੁੰਦਾ। ਪਹਿਲਾਂ ਹੀ, ਦੋ ਚੂਹੇ ਪ੍ਰਜਾਤੀਆਂ ਆਪਣੇ ’ਵਾਈ’ਕ੍ਰੋਮੋਸੋਮ’ ਨੂੰ ਗੁਆ ਚੁੱਕੀਆਂ ਹਨ, ਪਰ ਉਹਨਾਂ ਨੇ ਨਵੇਂ ਜੀਨ ਵਿਕਸਿਤ ਕੀਤੇ ਹਨ, ਜਿਸਦਾ ਉਹਨਾਂ ਦੇ ਬਚਾਅ ’ਤੇ ਕੋਈ ਪ੍ਰਭਾਵ ਨਹੀਂ ਪਿਆ ਹੈ।

# ਪੀਸ ਐਂਡ ਜਸਟਿਸ ਫੈਸਟੀਵਲ 'ਚ ਪੰਜਾਬ ਦੀਆਂ ਕੁੜੀਆਂ ਨੇ ਮੋਹਿਆ ਦਰਸ਼ਕਾਂ ਦਾ ਮਨ

## ਪੰਜਾਬ ਦੇ ਅਮੀਰ ਸੱਭਿਆਚਾਰਕ ਵਿਰਸੇ ਨੂੰ ਸਮਰਪਿਤ ਰੰਗਾਰੰਗ ਪ੍ਰੋਗਰਾਮ ਪੇਸ਼

ਗੁਰਪ੍ਰੀਤ ਸਿੰਘ ਧੰਜੂ, ਸਿਆਟਲ ਵਾਸ਼ਿੰਗਟਨ : ਵੈਨਕੂਵਰ, ਵਾਸ਼ਿੰਗਟਨ ਦੇ ਐਸਥਰ ਸ਼ਾਰਟ ਪਾਰਕ ਵਿਚ ਆਯੋਜਿਤ ਪੀਸ ਐਂਡ ਜਸਟਿਸ ਫੈਸਟੀਵਲ ਵਿਚ ਜੋਸ਼ੀਲੇ ਅਤੇ ਊਰਜਾਵਾਨ ਆਲ-ਗਰਲਜ਼ ਭੰਗੜਾ ਟੀਮ, ਪੰਜਾਬ ਦੀਆਂ ਕੁੜੀਆਂ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਕੋਚ ਕਿਰਨ ਉੱਪਲ ਦੀ ਮਾਹਿਰ ਅਗਵਾਈ ਹੇਠ ਟੀਮ ਨੇ ਸ਼ਨੀਵਾਰ ਨੂੰ ਪੰਜਾਬ ਦੇ ਅਮੀਰ ਸੱਭਿਆਚਾਰਕ ਵਿਰਸੇ ਨੂੰ ਦਰਸਾਉਂਦੇ ਹੋਏ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸੱਭਿਆਚਾਰ ਦੀ ਵਿਭਿੰਨ ਸ਼੍ਰੇਣੀ ਦਾ ਜਸ਼ਨ ਮਨਾਉਣ ਵਾਲੇ ਅਤੇ ਸਮਾਨਤਾ, ਸ਼ਾਂਤੀ ਅਤੇ ਪਿਆਰ ਦੀਆਂ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰਨ ਵਾਲੇ ਇਸ ਤਿਉਹਾਰ ਨੇ ਪੰਜਾਬ ਦੀਆਂ ਕੁੜੀਆਂ ਨੂੰ ਸਥਾਨਕ ਭਾਈਚਾਰੇ ਨਾਲ ਆਪਣੇ ਰਵਾਇਤੀ ਨਾਚ ਨੂੰ ਸਾਂਝਾ ਕਰਨ ਲਈ ਸੰਪੂਰਨ ਪਲੇਟਫਾਰਮ



ਪ੍ਰਦਾਨ ਕੀਤਾ ਹੈ। ਆਪਣੇ ਗਤੀਸ਼ੀਲ ਭੰਗੜੇ ਦੇ ਪ੍ਰਦਰਸ਼ਨ ਰਾਹੀਂ, ਟੀਮ ਦਾ ਉਦੇਸ਼ ਆਪਣੀਆਂ ਸੱਭਿਆਚਾਰਕ ਜੜ੍ਹਾਂ ਨੂੰ ਉਜਾਗਰ ਕਰਨਾ ਅਤੇ ਵੈਨਕੂਵਰ ਭਾਈਚਾਰੇ ਨਾਲ ਜੁੜਨਾ, ਆਪਣੇ ਪਰਿਵਾਰਕ ਪਿਛੋਕੜ ਅਤੇ ਪਰੰਪਰਾਵਾਂ ਨੂੰ ਗਲੇ ਲਗਾਉਣਾ ਅਤੇ ਸਾਂਝਾ ਕਰਨਾ ਹੈ। ਪ੍ਰਦਰਸ਼ਨ ਨੂੰ ਤਿਉਹਾਰ ਦੇ ਦਰਸ਼ਕਾਂ ਦੁਆਰਾ ਉਤਸ਼ਾਹੀ ਤਾੜੀਆਂ ਅਤੇ ਪ੍ਰਸ਼ੰਸਾ ਨਾਲ ਮਿਲਿਆ, ਜੋ ਰੰਗੀਨ ਪਹਿਰਾਵੇ, ਤਾਲਬੱਧ ਬੀਟਾਂ ਅਤੇ ਜੀਵੰਤ ਕੋਰੀਓਗ੍ਰਾਫੀ ਵੱਲ ਖਿੱਚੇ ਗਏ ਸਨ। ਟੀਮ ਦੀ ਮੌਜੂਦਗੀ ਪੰਜਾਬੀ ਸੱਭਿਆਚਾਰ ਦੀ ਇਕ ਜੀਵੰਤ ਨੁਮਾਇੰਦਗੀ ਸੀ, ਜੋ ਭੰਗੜੇ ਤੋਂ ਅਣਜਾਣ ਲੋਕਾਂ ਲਈ ਇਕ ਦਿਲਚਸਪ ਅਤੇ ਵਿਦਿਅਕ ਅਨੁਭਵ ਪ੍ਰਦਾਨ ਕਰਦੀ ਸੀ। ਆਧੁਨਿਕ ਦਰਸ਼ਕਾਂ ਲਈ ਉਹਨਾਂ ਨੂੰ ਢਾਲਦੇ ਹੋਏ ਪਰੰਪਰਾਗਤ ਅਭਿਆਸਾਂ ਨੂੰ ਕਾਇਮ ਰੱਖਣ ਲਈ ਉਨ੍ਹਾਂ ਦੇ ਸਮਰਪਣ ਨੂੰ ਸਪੱਸ਼ਟ ਅਤੇ ਡੂੰਘਾਈ ਨਾਲ ਸ਼ਲਾਘਾ ਕੀਤੀ ਗਈ। ਆਪਣੇ ਮਨਮੋਹਕ ਪ੍ਰਦਰਸ਼ਨ ਦੇ ਨਾਲ-ਨਾਲ, ਟੀਮ ਦੇ ਮੈਂਬਰਾਂ ਨੇ ਆਪਣੇ ਡਾਂਸ ਦੇ ਇਤਿਹਾਸ ਅਤੇ ਮਹੱਤਵ ਬਾਰੇ ਜਾਣਕਾਰੀ ਸਾਂਝੀ ਕਰਦੇ ਹੋਏ, ਕਮਿਊਨਿਟੀ ਨਾਲ ਜੁੜਿਆ। ਇਸ ਨਿੱਜੀ ਗੱਲਬਾਤ ਨੇ ਸੱਭਿਆਚਾਰਕ ਪਾੜੇ ਨੂੰ ਪੂਰਾ ਕਰਨ ਵਿਚ ਮਦਦ ਕੀਤੀ ਅਤੇ ਹਾਜ਼ਰੀਨ ਵਿਚ ਪੰਜਾਬੀ ਵਿਰਸੇ ਬਾਰੇ ਵਧੇਰੇ ਸਮਝ ਪੈਦਾ ਕੀਤੀ। ਫੈਸਟੀਵਲ ਵਿਚ ਹਿੱਸਾ ਲੈ ਕੇ, ਪੰਜਾਬ ਦੀਆਂ ਕੁੜੀਆਂ ਨੇ ਨਾ ਸਿਰਫ ਮਨੋਰੰਜਨ ਕੀਤਾ ਬਲਕਿ ਤਿਉਹਾਰ ਦੇ ਏਕਤਾ ਅਤੇ ਸੱਭਿਆਚਾਰਕ ਕਦਰਦਾਨ ਦੇ ਮਿਸ਼ਨ ਵਿਚ ਵੀ ਯੋਗਦਾਨ ਪਾਇਆ। ਪੀਸ ਐਂਡ ਜਸਟਿਸ ਫੈਸਟੀਵਲ ਸੱਭਿਆਚਾਰਕ ਅਦਾਨ-ਪ੍ਰਦਾਨ ਦੀ ਸ਼ਕਤੀ ਅਤੇ ਭਾਈਚਾਰਕ ਭਾਵਨਾ ਦੀ ਤਾਕਤ ਦਾ ਪ੍ਰਮਾਣ ਸੀ, ਜਿਸ ਵਿੱਚ ਪੰਜਾਬ ਦੀਆਂ ਗੁੱਡੀਆਂ ਨੇ ਇਹਨਾਂ ਮਹੱਤਵਪੂਰਨ ਕਦਰਾਂ-ਕੀਮਤਾਂ ਨੂੰ ਮਨਾਉਣ ਅਤੇ ਉਤਸ਼ਾਹਿਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਦੀ ਸ਼ਮੂਲੀਅਤ ਨੇ ਸੱਭਿਆਚਾਰਕ ਨੁਮਾਇੰਦਗੀ ਦੇ ਮਹੱਤਵ ਅਤੇ ਆਪਣੀ ਵਿਰਾਸਤ ਨੂੰ ਦੂਜਿਆਂ ਨਾਲ ਸਾਂਝਾ ਕਰਨ ਦੀ ਖੁਸ਼ੀ ਨੂੰ ਉਜਾਗਰ ਕੀਤਾ।

Gurdwara Sacha Marg Sahib Auburn/Seattle




ਭਾਈ ਕੁਲਵਿੰਦਰ ਸਿੰਘ ਜੀ, ਭਾਈ ਮਨਿੰਦਰ ਸਿੰਘ ਜੀ,ਭਾਈ ਮੋਹਨ ਸਿੰਘ ਜੀ
ਕੀਰਤਨ ਜਥਾ ਗੁਰੂਦਵਾਰਾ ਸੱਚਾ ਮਾਰਗ ਸਾਹਿਬ ਔਬਰਨ ਵਾਸ਼ਿੰਗਟਨ



ਅਮਰੀਕਾ ਦੇ ਪੰਜਾਬੀਆ ਦਾ ਆਪਣਾ ਚੈਨਲ
LIVE ਪੰਜਾਬੀ LIVE PUNJABI TV
ਤਾਜ਼ਾ ਖ਼ਬਰਾਂ ਵਾਸਤੇ Login ਕਰੋ
www.livepunjabitv.com




Gurpreet Singh Dhanju
ਪੰਜਾਬੀ ਪਹਿਚਾਣ
You Tube Facebook Instagram
Follow Us : #livepunjabitv
ਅਖ਼ਬਾਰ ਪ੍ਰਾਪਤ ਕਰਨ ਲਈ ਅਤੇ ਚੈਨਲ ਤੇ ਅਖ਼ਬਾਰ 'ਚ ਕਵਰੇਜ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
Gurpreet Singh Dhanju
Seattle(Washington)
+1 (425) 343-9741

kw KELLERWILLIAMS.
Jasleen Kaur
Realtor®
Licence # 22022651
Each Office is Independently Owned and Operated
2211 Mill Plain BLVD
Vancouver, WA 98661
jasleenkaur@kw.com
360-843-7094

21
Inderjit Singh (Broker)
19020 33rd Ave, W. Suite 300
Lynnwood, WA 98036
Office : 425-775-8525
Fax: 425-670-3500
Cell: 425-420-4055
E-mail:inderjit.singh@century21.com



LA QUINTA BY WYNDHAM
La Quinta
Inn by Wyndham Everett



and more you 'll also be withing Throughtout your stay delight in a free breakfast each morning, pool, and workout in the fitness centre. business centre and party hall and meeting room



Jatinder Saprai
(425) 366 7494
Located off 1-5, 16 miles, south of Downtown, Seattle, and just three miles from the new Paine Field Airpor